ਨਵੇਂ ਸਾਲ ਦੀਆਂ ਲੱਖ-ਲੱਖ ਵਧਾਈਆਂ

Friday, January 02, 2026

# ਪੰਜਾਬੀ ਜਰਨਲ

# PUNJABI JOURNAL

ਪੋਹ 19, ਨਾਨਕਸ਼ਾਹੀ ਸੰਮਤ: 557 | Volume: 19, Issue: 52| Ph: 604-312-5678
www.punjabijournal.ca, Email: punjabijournal@gmail.com

Prabu



www.prabufoods.com
7035 128 St #106, Surrey, BC V3W 4E1

## ਨਵੇਂ ਵਰ੍ਹੇ ਤੋਂ ਨਵੇਂ ਇੰਮੀਗ੍ਰੇਸ਼ਨ ਨਿਯਮ ਹੋਏ ਲਾਗੂ




**ਟੋਰਾਂਟੋ:** ਕੈਨੇਡਾ ਵਿਚ ਨਵਾਂ ਵਰ੍ਹਾ ਨਵੇਂ ਨਿਯਮ ਲੈ ਕੇ ਆਇਆ ਅਤੇ ਇੰਮੀਗ੍ਰੇਸ਼ਨ ਤੋਂ ਲੈ ਕੇ ਸ਼ਰਾਬੀ ਪੀ ਕੇ ਗੱਡੀ ਚਲਾਉਣ ਦੇ ਮਾਮਲਿਆਂ ਵਿਚ ਨਵੀਆਂ ਫ਼ੀਸਾਂ, ਨਵੀਆਂ ਸ਼ਰਤਾਂ ਅਤੇ ਮੋਟੇ ਜੁਰਮਾਨੇ ਲਾਗੂ ਹੋ ਚੁੱਕੇ ਹਨ। ਸਟੱਡੀ ਵੀਜ਼ਾ ਅਰਜ਼ੀਆਂ ਲਈ ਸਖ਼ਤ ਸ਼ਰਤਾਂ ਦਾ ਦੌਰ ਸ਼ੁਰੂ ਹੋ ਗਿਆ ਹੈ ਜਿਸ ਦਾ ਸਭ ਵੱਧ ਅਸਰ ਪੰਜਾਬ ਤੋਂ ਕੈਨੇਡਾ ਆਉਣ ਦੇ ਇੱਛਕ ਵਿਦਿਆਰਥੀਆਂ ’ਤੇ ਪਵੇਗਾ। 2026 ਦੌਰਾਨ ਇੰਟਰਨੈਸ਼ਨ ਸਟੂਡੈਂਟਸ ਨੂੰ 1 ਲੱਖ 55 ਹਜ਼ਾਰ ਵੀਜ਼ੇ ਹੀ ਜਾਰੀ ਕੀਤੇ ਜਾਣਗੇ ਜੋ ਪਿਛਲੇ ਵਰ੍ਹੇ ਦੇ ਮੁਕਾਬਲੇ ਅੱਧੇ ਤੋਂ ਘੱਟ ਬਣਦੇ ਹਨ। ਟੈਂਪਰੇਰੀ ਰੈਜ਼ੀਡੈਂਟਸ ਦੀ ਗਿਣਤੀ ਵੀ ਤਕਰੀਬਨ ਅੱਧੀ ਕਰ ਦਿਤੀ ਗਈ ਹੈ ਅਤੇ 2026-27 ਦੌਰਾਨ ਸਿਰਫ਼ 33 ਹਜ਼ਾਰ ਆਰਜ਼ੀ ਕਾਮਿਆਂ ਨੂੰ ਪਰਮਾਨੈਂਟ ਰੈਜ਼ੀਡੈਂਟ ਬਣਨ ਦਾ ਮੌਕਾ ਮਿਲੇਗਾ। ਕੈਨੇਡਾ ਵਿਚ ਮੌਜੂਦ ਇੰਟਰਨੈਸ਼ਨਲ ਸਟੂਡੈਂਟਸ ਲਈ ਵੀਜ਼ਾ ਮਿਆਦ ਵਧਾਉਣ ਦੀ ਫ਼ੀਸ ਪਹਿਲਾਂ ਹੀ ਵਧਾਈ ਜਾ ਚੁੱਕੀ ਹੈ ਅਤੇ ਟੈਂਪਰੇਰੀ ਰੈਜ਼ੀਡੈਂਟ ਪਰਮਿਟ ਵਾਸਤੇ 246.25 ਡਾਲਰ ਵਸੂਲ ਕੀਤੇ ਜਾ ਰਹੇ ਹਨ। ਕੈਨੇਡਾ ਵਿਚ ਮੌਜੂਦ ਇੰਟਰਨੈਸ਼ਨਲ ਸਟੂਡੈਂਟਸ ਤੋਂ ਨਵੇਂ ਸਟੱਡੀ ਵੀਜ਼ਾ ਲਈ 396.25 ਡਾਲਰ ਵਸੂਲ ਕੀਤੇ ਜਾ ਰਹੇ ਹਨ। ਇਸੇ ਤਰ੍ਹਾਂ ਨਵੇਂ ਵਰਕ ਪਰਮਿਟ ਸਣੇ ਵਰਕਰ ਸਟੇਟਸ ਦੀ ਬਹਾਲੀ ਵਾਸਤੇ 401.25 ਡਾਲਰ ਜਮ੍ਹਾਂ ਕਰਵਾਉਣੇ ਹੋਣਗੇ।

ਨਵੀਆਂ ਦਰਾਂ ਮੁਤਾਬਕ ਟੈਂਪਰੇਰੀ ਰੈਜ਼ੀਡੈਂਟ ਪਰਮਿਟ ਵਾਸਤੇ ਹੁਣ 246.25 ਡਾਲਰ ਅਦਾਇਗੀ ਕਰਨੀ ਪੈ ਰਹੀ ਹੈ ਅਤੇ ਵਿਜ਼ਟਰ ਸਟੇਟਸ ਬਹਾਲ ਕਰਨ ਵਾਸਤੇ ਵੀ ਐਨੀ ਹੀ ਫ਼ੀਸ ਅਦਾ ਕਰਨੀ ਹੋਵੇਗੀ।

ਦੂਜੇ ਪਾਸੇ ਉਨਟਾਰੀਓ ਵਿਚ ਨੌਕਰੀ ਦਾ ਜਨਤਕ ਇਸ਼ਤਿਹਾਰ ਦੇਣ ਵਾਲੇ ਇੰਪਲੌਇਰਜ਼ ਵਾਸਤੇ ਲਾਜ਼ਮੀ ਹੈ ਕਿ ਉਹ ਅੰਦਾਜ਼ਨ ਤਨਖਾਹ ਦਾ ਜ਼ਿਕਰ ਕਰਨ ਜਿਸ ਰਾਹੀਂ ਰੁਜ਼ਗਾਰ ਦੀ ਭਾਲ ਕਰ ਰਹੇ ਨੌਜਵਾਨਾਂ ਨੂੰ ਹੋਰਨਾਂ ਥਾਵਾਂ ’ਤੇ ਮਿਲਣ ਵਾਲੇ ਮਿਹਨਤਾਨੇ ਨਾਲ ਤੁਲਨਾ ਕਰਨ ਦਾ ਮੌਕਾ ਮਿਲੇਗਾ। ਹੁਣ ਇੰਪਲੌਇਰਜ਼ ਕੈਨੇਡੀਅਨ ਤਜਰਬੇ ਦੀ ਸ਼ਰਤ ਲਾਗੂ ਨਹੀਂ ਕਰ ਸਕਣਗੇ ਅਤੇ ਸਿਰਫ਼ ਖਾਸ ਸ਼੍ਰੇਣੀਆਂ ਵਿਚ ਇਹ ਸ਼ਰਤ ਲਾਗੂ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਇੰਟਰਵਿਊ ਤੋਂ 45 ਦਿਨ ਦੇ ਅੰਦਰ ਉਮੀਦਵਾਰ ਨੂੰ ਦੱਸਣਾ ਹੋਵੇਗਾ ਕਿ ਉਸ ਦੀ ਚੋਣ ਕੀਤੀ ਗਈ ਹੈ ਜਾਂ ਨਹੀਂ। ਹਰ ਕੰਪਨੀ ਨੂੰ ਨੌਕਰੀ ਦੇ ਇਸ਼ਤਿਹਾਰ ਅਤੇ ਇਸ ਨਾਲ ਸਬੰਧਤ ਅਰਜ਼ੀਆਂ ਤਿੰਨ ਸਾਲ ਤੱਕ ਰਿਕਾਰਡ ਵਿਚ ਰੱਖਣੀ ਹੋਣਗੀਆਂ।

ਇਸ ਤੋਂ ਇਲਾਵਾ ਸ਼ਰਾਬ ਪੀ ਕੇ ਗੱਡੀ ਚਲਾਉਂਦਿਆਂ ਹਾਦਸੇ ਦੌਰਾਨ ਮੌਤ ਹੋਣ ਦੀ ਸੂਰਤ ਵਿਚ ਡਰਾਈਵਰ ਦਾ ਲਾਇਸੰਸ ਅਣਮਿੱਥੇ ਸਮੇਂ ਲਈ ਰੱਦ ਕਰ ਦਿਤਾ ਜਾਵੇਗਾ। ਗੱਡੀ ਚੋਰੀ ਦੇ ਮਾਮਲੇ ਵਿਚ ਪਹਿਲੀ ਵਾਰ ਦੋਸ਼ੀ ਠਹਿਰਾਏ ਜਾਣ ’ਤੇ ਡਰਾਈਵਿੰਗ ਲਾਇਸੰਸ 10 ਸਾਲ ਵਾਸਤੇ ਮੁਅੱਤਲ ਹੋਵੇਗਾ ਅਤੇ ਦੂਜੀ ਵਾਰ ਦੋਸ਼ੀ ਠਹਿਰਾਏ ਜਾਣ ’ਤੇ 15 ਸਾਲ ਦੀ ਮੁਅੱਤਲੀ ਹੋਵੇਗੀ। ਤੀਜੀ ਵਾਰ ਦੋਸ਼ੀ ਕਰਾਰ ਦਿਤੇ ਜਾਣ ’ਤੇ ਉਮਰ ਭਰ ਲਈ ਲਾਇਸੰਸ ਦੀ ਮੁਅੱਤਲ ਦੀ ਨਿਯਮ ਲਾਗੂ ਹੋ ਗਿਆ ਹੈ। ਸੜਕਾਂ ’ਤੇ ਰੇਸ ਲਾਉਣ ਜਾਂ ਸਟੰਟ ਕਰਨ ਵਾਲਿਆਂ ਨੂੰ 10 ਹਜ਼ਾਰ ਡਾਲਰ ਤੱਕ ਜੁਰਮਾਨਾ ਅਤੇ ਛੇ ਮਹੀਨੇ ਤੱਕ ਦੀ ਕੈਦ ਦਾ ਨਿਯਮ ਵੀ 1 ਜਨਵਰੀ ਤੋਂ ਲਾਗੂ ਹੋ ਗਿਆ ਹੈ।

## ਕੈਨੇਡਾ ’ਚ ਗੈਰਕਾਨੂੰਨੀ ਪ੍ਰਵਾਸੀਆਂ ਦਾ ਆਇਆ ਹੜ੍ਹ




**ਟੋਰਾਂਟੋ:** ਕੈਨੇਡਾ ਵਿਚ ਗੈਰਕਾਨੂੰਨੀ ਪ੍ਰਵਾਸੀਆਂ ਦਾ ਹੜ੍ਹ ਆ ਰਿਹਾ ਹੈ ਅਤੇ ਨਵੇਂ ਵਰ੍ਹੇ ਦੌਰਾਨ ਪੰਜਾਬੀ ਨੌਜਵਾਨਾਂ ਨੇ ਵੱਡੇ ਪੱਧਰ ’ਤੇ ਰੋਸ ਵਿਖਾਵੇ ਕਰਨ ਦੀ ਰਣਨੀਤੀ ਵੀ ਘੜ ਲਈ ਹੈ। ਜੀ ਹਾਂ, 2025 ਖ਼ਤਮ ਹੁੰਦਿਆਂ ਹੀ 10 ਲੱਖ 53 ਹਜ਼ਾਰ ਵਿਦੇਸ਼ੀ ਨਾਗਰਿਕਾਂ ਦੇ ਵਰਕ ਪਰਮਿਟ ਐਕਸਪਾਇਰ ਹੋ ਗਏ ਅਤੇ ਛੇ ਮਹੀਨੇ ਬਾਅਦ 9 ਲੱਖ 27 ਹਜ਼ਾਰ ਹੋਰਨਾਂ ਦੇ ਵਰਕ ਪਰਮਿਟ ਖ਼ਤਮ ਹੋ ਜਾਣਗੇ ਜਿਨ੍ਹਾਂ ਵਿਚ ਹਜ਼ਾਰਾਂ ਪੰਜਾਬੀ ਨੌਜਵਾਨ ਸ਼ਾਮਲ ਹਨ। ਕੈਨੇਡਾ ਵਿਚ ਰਹਿਣ ਲਈ ਇਨ੍ਹਾਂ ਨੂੰ ਘੱਟੋ ਘੱਟ ਵਿਜ਼ਟਰ ਵੀਜ਼ਾ ਲੋੜੀਂਦਾ ਹੋਵੇਗਾ ਅਤੇ ਜੇ ਉਹ ਵੀ ਨਹੀਂ ਮਿਲਦਾ ਤਾਂ ਮੁਲਕ ਵਿਚ ਨਾਜਾਇਜ਼ ਤਰੀਕੇ ਨਾਲ ਮੌਜੂਦ ਵਿਦੇਸ਼ੀ ਨਾਗਰਿਕ ਹੀ ਮੰਨੇ ਜਾਣਗੇ ਜਿਨ੍ਹਾਂ ਨੂੰ ਫੜ ਕੇ ਡਿਪੋਰਟ ਕਰਨ ਦੀ ਜ਼ਿੰਮੇਵਾਰੀ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ ਸੌਂਪੀ ਗਈ ਹੈ। ਦੱਸ ਦੇਈਏ ਕਿ ਕੈਨੇਡਾ ਸਰਕਾਰ ਵੱਲੋਂ ਇੰਮੀਗ੍ਰੇਸ਼ਨ ਨੀਤੀਆਂ ਵਿਚ ਵੱਡੀ ਤਬਦੀਲੀ ਦੇ ਮੱਦੇਨਜ਼ਰ ਪੀ.ਆਰ. ਮਿਲਣ ਦੇ ਰਾਹ ਬੇਹੱਦ ਤੰਗ ਹੋ ਚੁੱਕੇ ਹਨ ਅਤੇ ਆਰਜ਼ੀ ਵੀਜ਼ਿਆਂ ਨਾਲ ਲੱਖਾਂ ਵਿਦੇਸ਼ੀ ਨਾਗਰਿਕ ਸਮਾਂ ਨਹੀਂ ਲੰਘਾ ਸਕਣਗੇ ਅਤੇ ਆਖਰਕਾਰ ਜੁੱਲੀ-ਬਿਸਤਰਾ ਸਮੇਟਣਾ ਹੀ ਪਵੇਗਾ।

ਵਰਕ ਪਰਮਿਟ ਦੀ ਮਿਆਦ ਲੰਘਣ ਵਾਲਿਆਂ ਵਿਚੋਂ ਜ਼ਿਆਦਾਤਰ ਇੰਟਰਨੈਸ਼ਨਲ ਸਟੂਡੈਂਟਸ ਨੇ ਜਿਨ੍ਹਾਂ ਵੱਲੋਂ ਪੀ.ਆਰ. ਹਾਸਲ ਕਰਨ ਦਾ ਹਰ ਢੰਗ-ਤਰੀਕਾ ਵਰਤਿਆ ਗਿਆ ਪਰ ਇਹ ਕਾਰਗਰ ਸਾਬਤ ਨਾ ਹੋਇਆ।

SABZI MANDI SUPERMARKET



Chal Chaliye
SABZI MANDI
Chal Chaliye ...

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ
ਅਤੇ ਸਾਫ ਸੁਥਰੀ ਗਰੋਸਰੀ ਲਈ ਹਮੇਸ਼ਾ
**ਸਬਜ਼ੀ ਮੰਡੀ ਨੂੰ ਯਾਦ ਰਖੋ**

# ਗ਼ਜ਼ਲ ਮੰਚ ਦਾ 'ਕਾਵਸ਼ਾਰ' ਪ੍ਰੋਗਰਾਮ – ਨੌਜਵਾਨ ਸ਼ਾਇਰਾਂ ਦੀ ਖੂਬਸੂਰਤ ਪੇਸ਼ਕਾਰੀ ਨੇ ਸਰੋਤਿਆਂ ਨੂੰ ਮੋਹ ਲਿਆ

**ਸਰੀ**, (ਹਰਦਮ ਮਾਨ)-ਗ਼ਜ਼ਲ ਮੰਚ ਸਰੀ ਵੱਲੋਂ ਆਪਣਾ ਦੂਜਾ ਕਾਵਸ਼ਾਰ ਪ੍ਰੋਗਰਾਮ ਬੀਤੇ ਐਤਵਾਰ ਫਲੀਟਵੁੱਡ ਕਮਿਊਨਿਟੀ ਸੈਂਟਰ, ਸਰੀ ਵਿਖੇ ਕਰਵਾਇਆ ਗਿਆ। ਉਭਰ ਰਹੇ ਕਵੀਆਂ ਅਤੇ ਕਵਿਤਰੀਆਂ ਨੂੰ ਮੰਚ ਪ੍ਰਦਾਨ ਕਰਨ ਅਤੇ ਉਨ੍ਹਾਂ ਦੇ ਕਲਾਮ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਉਲੀਕਿਆ ਗਿਆ ਇਹ ਸਾਹਿਤਕ ਸਮਾਗਮ ਪ੍ਰਬੰਧਕਾਂ ਦੀ ਉਮੀਦ ਤੋਂ ਵੀ ਵੱਧ ਪ੍ਰਭਾਵਸ਼ਾਲੀ ਸਾਬਤ ਹੋਇਆ।



ਕਾਵਸ਼ਾਰ ਦੌਰਾਨ ਕਵੀਆਂ ਨੇ ਆਪਣੀਆਂ ਸੰਵੇਦਨਸ਼ੀਲ ਰਚਨਾਵਾਂ ਦੀ ਬਾ-ਕਮਾਲ ਪੇਸ਼ਕਾਰੀ ਕਰਕੇ ਸਾਹਿਤਕ ਮਾਹੌਲ ਨੂੰ ਜੀਵੰਤ ਕਰ ਦਿੱਤਾ। ਖ਼ਾਸ ਗੱਲ ਇਹ ਰਹੀ ਕਿ ਮੰਚ 'ਤੇ ਵੱਡੀ ਗਿਣਤੀ ਵਿੱਚ ਨੌਜਵਾਨ ਸ਼ਾਇਰਾਂ ਨੇ ਹਿੱਸਾ ਲਿਆ, ਜਿਨ੍ਹਾਂ ਦੀ ਕਾਵਿ-ਸੂਝ ਅਤੇ ਨਵੀਂ ਸੋਚ ਨੇ ਹਾਲ ਵਿੱਚ ਮੌਜੂਦ ਤਜਰਬੇਕਾਰ ਕਵੀਆਂ ਨੂੰ ਵੀ ਹੈਰਾਨ ਕਰ ਦਿੱਤਾ। ਉਭਰ ਰਹੀਆਂ ਕਲਮਾਂ ਵੱਲੋਂ ਸਿਰਜਿਆ ਗਿਆ ਮਾਹੌਲ ਏਨਾ ਪ੍ਰਭਾਵਸ਼ਾਲੀ ਸੀ ਕਿ ਸੈਂਕੜੇ ਦੀ ਗਿਣਤੀ ਵਿੱਚ ਮੌਜੂਦ ਸਰੋਤਿਆਂ ਨੇ ਹਰ ਇਕ ਸ਼ਾਇਰ ਨੂੰ ਤਾੜੀਆਂ ਦੀ ਭਰਪੂਰ ਦਾਦ ਦਿੱਤੀ।

ਇਸ ਕਾਵਸ਼ਾਰ ਵਿੱਚ ਸੋਨਲ ਕੌਰ, ਪਰਮਿੰਦਰ ਸਵੈਚ, ਡਾ. ਦਵਿੰਦਰ ਕੌਰ, ਦਲਜੀਤ ਖੋਸਲਾ, ਬਲਤੇਜ ਬਰਾੜ, ਮਹਿੰਦਰਪਾਲ ਸਿੰਘ ਪਾਲ, ਜਸਪਾਲ ਮਠਾੜੂ, ਸ਼ੁਭਪ੍ਰੀਤ ਸਿੰਘ, ਰੂਬੀ ਔਲਖ, ਗੁਰਸਾਹਿਬ ਸਿੰਘ, ਡਾ. ਦਿਲਬਾਗ ਰਾਣਾ, ਸੁਖਪ੍ਰੀਤ ਬੱਡੋਂ, ਸਾਧਿਕਪ੍ਰੀਤ ਸਿੰਘ, ਨਰਿੰਦਰ ਬਾਹੀਆ, ਕੁਲਵਿੰਦਰ ਕੌਰ, ਪ੍ਰੇਮਦੀਪ, ਜਸਵੰਤ ਕੌਰ ਰਾਣਾ, ਅਮਰਜੀਤ ਸ਼ਾਂਤ, ਜਸਬੀਰ ਮਾਨ, ਗੁਰਜੀਵਨ ਸਿੰਘ, ਹਰਪ੍ਰੀਤ ਧਾਲੀਵਾਲ, ਅਭਿਸ਼ੇਕ, ਮਨਜਿੰਦਰ ਘੁਮਾਣ, ਆਯੂਸ਼ ਅਰੋੜਾ, ਪ੍ਰੀਤ ਬੈਂਸ, ਸ਼ਾਨ ਗਿੱਲ, ਨਵੀ ਬਰਾੜ ਅਤੇ ਅਰਸ਼ ਆਦਿ ਨੇ ਆਪਣਾ ਕਲਾਮ ਪੇਸ਼ ਕਰਕੇ ਕਾਵਸ਼ਾਰ ਨੂੰ ਯਾਦਗਾਰ ਬਣਾਇਆ।

ਇਸ ਦੌਰਾਨ ਗ਼ਜ਼ਲ ਮੰਚ ਸਰੀ ਵੱਲੋਂ ਪ੍ਰਸਿੱਧ ਸ਼ਾਇਰ ਇੰਦਰਜੀਤ ਸਿੰਘ ਧਾਮੀ ਨੂੰ 'ਲਾਈਫ ਟਾਈਮ ਅਚੀਵਮੈਂਟ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਵਿੱਚ ਯਾਦਗਾਰ ਪਲੈਕ, ਸਨਮਾਨ ਪੱਤਰ, ਲੋਈ ਅਤੇ 2000 ਡਾਲਰ ਦੀ ਨਕਦ ਰਾਸ਼ੀ ਸ਼ਾਮਲ ਸੀ। ਸਨਮਾਨ ਪੱਤਰ ਪੜ੍ਹਦਿਆਂ ਗ਼ਜ਼ਲ ਮੰਚ ਦੇ ਪ੍ਰਧਾਨ ਜਸਵਿੰਦਰ ਨੇ ਕਿਹਾ ਕਿ ਸ਼ਾਇਰ ਇੰਦਰਜੀਤ ਸਿੰਘ ਧਾਮੀ ਨੂੰ ਇਸ ਅਵਾਰਡ ਨਾਲ ਸਨਮਾਨਿਤ ਕਰਨਾ ਮੰਚ ਲਈ ਮਾਣ ਦੀ ਗੱਲ ਹੈ। ਉਨ੍ਹਾਂ ਦੱਸਿਆ ਕਿ ਸਾਂਦਲਬਾਰ ਦੀ ਧਰਤੀ 'ਤੇ ਜਨਮੇ ਧਾਮੀ ਦੇ ਕਲਾਮ ਵਿੱਚ ਮੁਹੱਬਤ, ਨਾਬਰੀ ਅਤੇ ਦਰਦ ਦੀ ਅਮੁੱਕ ਧਾਰਾ ਵਹਿੰਦੀ ਹੈ, ਜੋ ਉਸ ਦੀ ਸੰਵੇਦਨਾ ਅਤੇ ਲੰਬੀ ਕਾਵਿ-ਸਾਧਨਾ ਦਾ ਪ੍ਰਮਾਣ ਹੈ। ਪਿਛਲੇ ਚਾਰ ਦਹਾਕਿਆਂ ਤੋਂ ਕਨੇਡਾ ਵੱਸਦੇ ਧਾਮੀ ਦੀ ਸ਼ਾਇਰੀ ਦਾਰਸ਼ਨਿਕ ਅਨੁਭਵਾਂ ਦੀ ਕਲਾਤਮਕ ਉਚਾਈ ਨੂੰ ਛੂੰਹਦੀ ਹੈ।

ਇਸ ਮੌਕੇ ਜਤਿੰਦਰ ਜੇ. ਮਿਨਹਾਸ, ਹਰਦਮ ਮਾਨ, ਸੁਖਜੀਤ ਹੁੰਦਲ, ਪ੍ਰੀਤ ਮਨਪ੍ਰੀਤ, ਮਨਜੀਤ ਕੰਗ ਅਤੇ ਹਰਕੀਰਤ ਚਾਹਲ ਨੇ ਇੰਦਰਜੀਤ ਸਿੰਘ ਧਾਮੀ ਨੂੰ ਸਨਮਾਨ ਪ੍ਰਾਪਤੀ 'ਤੇ ਮੁਬਾਰਕਬਾਦ ਦਿੱਤੀ। ਆਪਣੇ ਸੰਬੋਧਨ ਵਿੱਚ ਧਾਮੀ ਨੇ ਇਸ ਵਡੇਰੇ ਸਨਮਾਨ ਲਈ ਗ਼ਜ਼ਲ ਮੰਚ ਸਰੀ ਦੀ ਸਮੁੱਚੀ ਟੀਮ ਦਾ ਦਿਲੋਂ ਧੰਨਵਾਦ ਕੀਤਾ। ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਰਾਜਵੰਤ ਰਾਜ, ਦਸ਼ਮੇਸ਼ ਗਿੱਲ ਫਿਰੋਜ਼ ਅਤੇ ਦਵਿੰਦਰ ਗੌਤਮ ਨੇ ਬੜੀ ਸੁਚੱਜੇ ਢੰਗ ਨਾਲ ਖ਼ੂਬਸੂਰਤ ਕਾਵਿਕ ਸ਼ੈਲੀ ਵਿੱਚ ਕੀਤਾ। ਅੰਤ ਵਿੱਚ ਮੰਚ ਦੇ ਪ੍ਰਧਾਨ ਜਸਵਿੰਦਰ ਨੇ 'ਕਾਵਸ਼ਾਰ' ਦੀ ਸਫਲਤਾ ਲਈ ਸਾਰੇ ਸ਼ਾਇਰਾਂ, ਸਰੋਤਿਆਂ ਅਤੇ ਸਹਿਯੋਗੀਆਂ ਪ੍ਰਤੀ ਧੰਨਵਾਦ ਕੀਤਾ।



# PUNJABI JOURNAL

Volume: 19, Issue: 01 || Ph: 604-312-5678 || Friday, January 02, 2026

## ਅਮਰੀਕਾ-ਕੈਨੇਡਾ ਬਰਫ਼ੀਲੇ ਤੂਫ਼ਾਨ ਦੀ ਮਾਰ ਹੇਠ, ਸੈਂਕੜੇ ਫਲਾਈਟਸ ਰੱਦ



**ਟੋਰਾਂਟੋ** : ਬਰਫ਼ੀਲਾ ਤੂਫ਼ਾਨ ਅਮਰੀਕਾ-ਕੈਨੇਡਾ ਦੇ ਕਰੋੜਾਂ ਲੋਕਾਂ ਉਤੇ ਸ਼ਿਕੰਜਾ ਕਸਦਾ ਜਾ ਰਿਹਾ ਹੈ ਅਤੇ ਦੋਹਾਂ ਮੁਲਕਾਂ ਵਿਚ ਸੈਂਕੜੇ ਫਲਾਈਟਸ ਰੱਦ ਹੋਣ ਸਣੇ ਹਾਈਵੇਜ਼ 'ਤੇ ਵੱਡੇ ਹਾਦਸੇ ਹੋਣ ਦੀ ਰਿਪੋਰਟ ਹੈ। ਅਮਰੀਕਾ ਵਿਚ 11 ਕਰੋੜ 40 ਲੱਖ ਲੋਕ ਚਿਤਾਵਨੀ ਦੇ ਘੇਰੇ ਵਿਚ ਆ ਚੁੱਕੇ ਹਨ ਅਤੇ ਭਾਰੀ ਬਰਫ਼ਬਾਰੀ ਸਣੇ ਹੱਡ ਚੀਰਵੀਂਆਂ ਹਵਾਵਾਂ ਜਾਰੀ ਰਹਿਣ ਦੀ ਪੇਸ਼ੀਨਗੋਈ ਕੀਤੀ ਗਈ ਹੈ। ਡੈਟਰਾਇਟ, ਪਿਟਜ਼ਬਰਗ, ਵਾਸ਼ਿੰਗਟਨ ਡੀ.ਸੀ., ਫ਼ਿਲਾਡੈਲਫ਼ੀਆ, ਨਿਊ ਯਾਰਕ ਸਿਟੀ, ਬੋਸਟਨ ਅਤੇ ਨਿਊ ਓਰਲੀਨਜ਼ ਵਰਗੇ ਵੱਡੇ ਸ਼ਹਿਰਾਂ ਤੋਂ ਇਲਾਵਾ ਬਫ਼ਲੋ ਵਰਗੇ ਸ਼ਹਿਰ ਬਰਫ਼ੀਲੇ ਤੂਫ਼ਾਨ ਦੇ ਰਾਹ ਵਿਚ ਦੱਸੇ ਜਾ ਰਹੇ ਹਨ। ਮਿਸ਼ੀਗਨ ਸਣੇ ਵੱਖ ਵੱਖ ਰਾਜਾਂ ਵਿਚ ਦਰਜਨਾਂ ਹਾਦਸੇ ਫਲਾਈਟ ਅਵੇਅਰ ਦੇ ਅੰਕੜਿਆਂ ਮੁਤਾਬਕ ਡੈਟਰਾਇਟ ਹਵਾਈ ਅੱਡੇ 'ਤੇ 90 ਤੋਂ ਵੱਧ ਫਲਾਈਟਸ ਰੱਦ ਹੋਈਆਂ ਜਦਕਿ ਟੋਰਾਂਟੋ ਦੇ ਪੀਅਰਸਨ ਇੰਟਰਨੈਸ਼ਨ ਏਅਰਪੋਰਟ 'ਤੇ 105 ਫਲਾਈਟਸ ਰੱਦ ਹੋਣ ਦੀ ਰਿਪੋਰਟ ਹੈ। ਇਸ ਤੋਂ ਇਲਾਵਾ ਨਿਊ ਯਾਰਕ ਸਿਟੀ ਅਤੇ ਨਿਊ ਅਰਕ ਦੇ ਹਵਾਈ ਅੱਡਿਆਂ 'ਤੇ ਵੀ ਦਰਜਨਾਂ ਫ਼ਲਾਈਟਸ ਰੱਦ ਹੋਈਆਂ ਸੈਂਕੜੇ ਦੇਰੀ ਨਾਲ ਰਵਾਨਾ ਹੋ ਸਕੀਆਂ ਜਾਂ ਪੁੱਜੀਆਂ। ਡੈਟਰਾਇਟ ਨੇੜੇ ਇੰਟਰਸਟੇਟ 75 'ਤੇ ਕਈ ਟਰੱਕਾਂ ਅਤੇ ਕਾਰਾਂ ਸਣੇ 50 ਤੋਂ ਵੱਧ ਗੱਡੀਆਂ ਆਪਸ ਵਿਚ ਭਿੜ ਗਈਆਂ ਪਰ ਖੁਸ਼ਕਿਸਮਤੀ ਨਾਲ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਨੈਸ਼ਨਲ ਵੈਦਰ ਸਰਵਿਸ ਮੁਤਾਬਕ ਗਰੇਟ ਲੇਕਸ ਦੇ ਇਲਾਕਿਆਂ ਤੋਂ ਇਲਾਵਾ ਅਮਰੀਕਾ ਦੇ ਮੱਧ-ਪੱਛਮੀ ਅਤੇ ਉਤਰ-ਪੂਰਬੀ ਇਲਾਕਿਆਂ ਵਿਚ 6 ਇੰਚ ਤੱਕ ਬਰਫ਼ ਡਿੱਗ ਸਕਦੀ ਹੈ।

ਉਨਟਾਰੀਓ ਦੇ 60 ਹਜ਼ਾਰ ਘਰਾਂ ਦੀ ਬਿਜਲੀ ਗੁੱਲ ਇਥੋਂ ਤੱਕ ਕਿ ਕੈਂਟਕੀ ਦੇ ਦੱਖਣੀ ਹਿੱਸੇ ਅਤੇ ਵੈਸਟ ਵਰਜੀਨੀਆ ਵਿਚ ਸਨੋਅਫ਼ਾਲ ਦੀ ਪੇਸ਼ੀਨਗੋਈ ਕੀਤੀ ਗਈ ਹੈ। ਕੈਨੇਡਾ ਦੇ ਉਨਟਾਰੀਓ ਅਤੇ ਕਿਊਬੈਕ ਰਾਜਾਂ ਵਿਚ ਸੋਮਵਾਰ ਸ਼ਾਮ ਔਰੇਂਜ ਐਲਰਟ ਜਾਰੀ ਕੀਤਾ ਗਿਆ ਅਤੇ ਨੋਵਾ ਸਕੋਸ਼ੀਆ ਦੇ ਕੁਝ ਇਲਾਕੇ ਵਿਚ ਬਰਫ਼ੀਲੇ ਤੂਫ਼ਾਨ ਦੀ ਮਾਰ ਹੇਠ ਦੱਸੇ ਜਾ ਰਹੇ ਹਨ। ਉਨਟਾਰੀਓ ਅਤੇ ਕਿਊਬੈਕ ਵਿਚ 60 ਹਜ਼ਾਰ ਤੋਂ ਵੱਧ ਘਰਾਂ ਦੀ ਬਿਜਲੀ ਪੂਰਾ ਦਿਨ ਗੁੱਲ ਰਹੀ ਜਦਕਿ ਨਿਊ ਬ੍ਰਨਜ਼ਵਿਕ 2 ਹਜ਼ਾਰ ਘਰਾਂ ਵਿਚ ਬਿਜਲੀ ਸਪਲਾਈ ਬਹਾਲ ਕਰਨ ਦੇ ਯਤਨ ਕੀਤੇ ਜਾ ਰਹੇ ਸਨ। ਟੋਰਾਂਟੋ, ਲੰਡਨ, ਲੇਕ ਹਿਊਰਨ ਅਤੇ ਜਾਰਜੀਅਨ ਬੇਅ ਇਲਾਕਿਆਂ ਵਿਚ ਰਿਕਾਰਡਤੋੜ ਬਰਫ਼ਬਾਰੀ ਮਗਰੋਂ ਮੰਗਲਵਾਰ ਬਾਅਦ ਦੁਪਹਿਰ ਤੱਕ ਹਾਲਾਤ ਵਿਚ ਸੁਧਾਰ ਹੋਣ ਦੇ ਆਸਾਰ ਹਨ। ਪੀਅਰਸਨ ਇੰਟਰਨੈਸ਼ਨ ਏਅਰਪੋਰਟ ਵੱਲੋਂ ਮੁਸਾਫ਼ਰਾਂ ਨੂੰ ਸੁਝਾਅ ਦਿਤਾ ਗਿਆ ਹੈ ਕਿ ਫਲਾਈਟ ਦਾ ਸਟੇਟਸ ਚੈਕ ਕਰਨ ਤੋਂ ਬਾਅਦ ਹੀ ਹਵਾਈ ਅੱਡੇ ਵੱਲ ਰਵਾਨਾ ਹੋਣ ਦੇ ਯਤਨ ਕੀਤੇ ਜਾਣ। ਉਧਰ ਮੌਂਟਰੀਅਲ ਵਿਖੇ ਹਰ ਘੰਟੇ ਐਂਬੁਲੈਂਸ ਸੇਵਾ ਲਈ 100 ਤੋਂ ਵੱਧ ਕਾਲਜ਼ ਆ ਰਹੀਆਂ ਹਨ ਅਤੇ ਜ਼ਿਆਦਾਤਰ ਮਾਮਲੇ ਬਰਫ਼ਬਾਰੀ ਨਾਲ ਸਬੰਧਤ ਹਨ।

## ਪੰਜਾਬੀ ਸਾਹਿਤ ਅਤੇ ਕਲਾ ਦੀ ਮਾਣਯੋਗ ਹਸਤੀ ਜੈਤੇਗ ਸਿੰਘ ਅਨੰਤ ਨਹੀਂ ਰਹੇ



**ਸਰੀ**, (ਹਰਦਮ ਮਾਨ)-ਪੰਜਾਬੀ ਸਾਹਿਤ ਅਤੇ ਕਲਾ ਦੇ ਖੇਤਰ ਦੀ ਮਾਣਯੋਗ ਅਤੇ ਕੌਮਾਂਤਰੀ ਹਸਤੀ ਜੈਤੇਗ ਸਿੰਘ ਅਨੰਤ ਅੱਜ ਸਵੇਰੇ ਸਦੀਵੀ ਵਿਛੋੜਾ ਦੇ ਗਏ। ਉਹ ਬੀਤੇ ਕਾਫੀ ਸਮੇਂ ਤੋਂ ਸਰੀ ਮੈਮੋਰੀਅਲ ਹਸਪਤਾਲ ਵਿਖੇ ਜ਼ੇਰੇ-ਇਲਾਜ ਸਨ। ਉਨ੍ਹਾਂ ਦੇ ਸਪੁੱਤਰ ਕੁਲਬੀਰ ਸਿੰਘ ਅਨੰਤ ਅਨੁਸਾਰ ਅੱਜ ਸਵੇਰੇ ਉਨ੍ਹਾਂ ਹਸਪਤਾਲ ਵਿਚ ਆਖਰੀ ਸਾਹ ਲਿਆ। ਸ. ਅਨੰਤ ਦਾ ਜਨਮ 14 ਅਗਸਤ 1946 ਨੂੰ ਲਹਿੰਦੇ ਪੰਜਾਬ ਦੇ ਪਿੰਡ ਮਿਦਰਾਂਝਾ (ਤਖ਼ਤ ਹਜ਼ਾਰਾ ਨੇੜੇ) ਵਿੱਚ ਹੋਇਆ। ਉਹ 1997 ਵਿਚ ਕੈਨੇਡਾ ਆ ਗਏ ਸਨ ਅਤੇ ਸਰੀ ਸ਼ਹਿਰ ਵਿਚ ਰਹਿ ਰਹੇ ਸਨ। ਅਜੇ ਦੋ ਕੁ ਮਹੀਨੇ ਪਹਿਲਾਂ ਹੀ ਉਨ੍ਹਾਂ ਦੀ ਸੁਪਤਨੀ ਜਸਪਾਲ ਕੌਰ ਅਨੰਤ ਵੀ ਅਕਾਲ ਚਲਾਣਾਂ ਕਰ ਗਏ ਸਨ।

ਉਨ੍ਹਾਂ ਵੱਲੋਂ ਪੰਜਾਬੀ ਸਾਹਿਤ, ਕਲਾ ਅਤੇ ਵਿਸ਼ੇਸ਼ ਕਰਕੇ ਗ਼ਦਰ ਲਹਿਰ, ਸਿੱਖ ਵਿਰਸੇ, ਵਿਰਾਸਤ ਲਈ ਕੀਤੇ ਬਹੁਤ ਵੱਡੇ ਕਾਰਜ ਬੇਹੱਦ ਪ੍ਰਸੰਸਾਤਮਿਕ ਅਤੇ ਸਾਂਭਣਯੋਗ ਹਨ ਅਤੇ ਇਨ੍ਹਾਂ ਇਤਿਹਾਸਕ ਕਾਰਜਾਂ ਰਾਹੀਂ ਉਨ੍ਹਾਂ ਨਿਵੇਕਲੀਆਂ ਪੈੜਾਂ ਪਾਈਆਂ ਹਨ। ਉਨ੍ਹਾਂ ਦੀ ਕਲਮ ਦਾ ਸਫ਼ਰ 1968 ਵਿਚ ਰੋਜ਼ਾਨਾ ਜਥੇਦਾਰ ਅਖਬਾਰ ਤੋਂ ਹੋਇਆ। ਮੁੱਢਲਾ ਸਮਾਂ ਉਨ੍ਹਾਂ ਪੰਜਾਬੀ ਅਖਬਾਰਾਂ ਵਿਚ ਕਲਾ ਆਲੋਚਕ ਦੇ ਤੌਰ ਤੇ ਆਪਣੀ ਕਲਮ ਚਲਾਈ ਅਤੇ ਆਪਣੀ ਪਛਾਣ ਬਣਾਈ। ਪੇਸ਼ੇ ਵਜੋਂ ਉਹ ਇਕ ਸਫਲ ਫੋਟੋ ਪੱਤਰਕਾਰ ਰਹੇ ਹਨ। ਉਨ੍ਹਾਂ ਦੇ ਵਿਦੇਸ਼ਾਂ ਵਿਚ 70 ਤੋਂ ਵੱਧ ਐਵਾਰਡ ਵੀ ਹਾਸਲ ਕੀਤੇ। ਭਾਰਤ ਦੇ ਟੌਪ 10 ਫੋਟੋ ਕਲਾਕਾਰਾਂ ਵਿਚ ਉਨ੍ਹਾਂ ਦਾ ਸ਼ੁਮਾਰ ਹੋਇਆ।

ਬਹੁਤ ਹੀ ਸੂਝਵਾਨ, ਵਿਦਵਾਨ, ਸਾਹਿਤਕਾਰ, ਕਲਾਤਮਿਕ ਫੋਟੋਗ੍ਰਾਫਰ, ਸੰਪਾਦਕ, ਖੋਜੀ ਆਦਿ ਅਨੇਕਾਂ ਗੁਣਾਂ ਦੇ ਧਾਰਨੀ ਸ. ਅਨੰਤ ਸਿਰੜ, ਮਿਹਨਤ ਅਤੇ ਮੁਹੱਬਤ ਦਾ ਮੁਸੱਜਮਾ ਸਨ। ਬੇਬਾਕੀ ਅਤੇ ਖ਼ੁਦਦਾਰੀ ਉਨ੍ਹਾਂ ਦੇ ਕਣ ਕਣ ਵਿਚ ਸਮੋਈ ਹੋਈ ਸੀ। ਉਨ੍ਹਾਂ ਦੀ ਦੂਰ-ਦ੍ਰਿਸ਼ਟੀ, ਪਾਰਖੂ-ਨਜ਼ਰ, ਸੂਝ ਬੂਝ ਦਾ ਕੋਈ ਜਵਾਬ ਨਹੀਂ ਸੀ। ਉਨ੍ਹਾਂ ਦੇ ਦੋਸਤਾਂ, ਮਿੱਤਰਾਂ, ਸਿਨੇਹੀਆਂ ਦਾ ਸੰਸਾਰ ਬੇਹੱਦ ਵਿਸ਼ਾਲ ਸੀ। ਕੈਨੇਡਾ, ਭਾਰਤ, ਪਾਕਿਸਤਾਨ ਤੋਂ ਇਲਾਵਾ ਅਮਰੀਕਾ, ਇੰਗਲੈਂਡ, ਹਾਂਗਕਾਂਗ, ਆਸਟਰੇਲੀਆ ਅਤੇ ਹੋਰ ਕਈ ਦੇਸ਼ਾਂ ਵਿਚ ਉਨ੍ਹਾਂ ਦੇ ਮਿੱਤਰ ਪਿਆਰੇ, ਸਿਨੇਹੀ ਹਨ ਅਤੇ ਉਨ੍ਹਾਂ ਨਾਲ ਫੋਨ ਰਾਹੀਂ ਨਿੱਘਾ ਮੇਲ ਮਿਲਾਪ ਉਹ ਅਕਸਰ ਕਰਦੇ ਰਹਿੰਦੇ ਸਨ। ਉਹ ਪਹਿਲੇ ਕੈਨੇਡੀਅਨ ਲੇਖਕ ਹਨ ਜਿਨ੍ਹਾਂ ਦੀ ਪੁਸਤਕ "ਗ਼ਦਰੀ ਯੋਧੇ" ਨੂੰ ਭਾਸ਼ਾ ਵਿਭਾਗ ਪੰਜਾਬ ਵੱਲੋਂ ਸਰਵ ਉੱਤਮ ਪੁਸਤਕ ਐਵਾਰਡ ਦਿੱਤਾ ਗਿਆ ਹੈ। ਉਹਨਾਂ ਨੇ ਦਰਜਨ ਤੋਂ ਵੱਧ ਪੁਸਤਕਾਂ ਦੇ ਰਚਨਾਤਮਿਕ ਸਹਿਯੋਗ ਨਾਲ ਪੰਜਾਬੀ ਸਾਹਿਤ ਵਿਚ ਵੱਡਮੁੱਲਾ ਯੋਗਦਾਨ ਪਾਇਆ।

WESTERN COMMUNITY COLLEGE

JUMPSTART YOUR CAREER WITH WESTERN COMMUNITY COLLEGE!

TRAIN FOR IN-DEMAND CAREERS IN:

MASSAGE THERAPY
GRADUATE IN 52 WEEKS

AVIATION
EARN YOUR PPL & CPL

PHARMACY TECHNICIAN
HIGH-DEMAND, HIGH-PAYING FIELD



APPLY NOW: WCC.CA

# ਸਰੀ ਵਿਚ ਚਾਰ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ









**ਸਰੀ**, (ਹਰਦਮ ਮਾਨ)-ਸਰੀ ਵਿਖੇ ਸੀ-ਫੇਸ ਸੋਸਾਇਟੀ ਵੱਲੋਂ ਸਰੀ ਯੂਥ ਸੇਵਾ ਫਾਊਂਡੇਸ਼ਨ ਦੇ ਸਹਿਯੋਗ ਨਾਲ ਚਾਰ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਨੂੰ ਸਮਰਪਿਤ ਇੱਕ ਧਾਰਮਿਕ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਦੇ ਨਾਲ-ਨਾਲ ਸਿਆਸੀ, ਸਮਾਜਿਕ ਅਤੇ ਹੋਰ ਵੱਖ-ਵੱਖ ਖੇਤਰਾਂ ਨਾਲ ਸੰਬੰਧਤ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਹੋਈਆਂ। ਸਮਾਗਮ ਦੌਰਾਨ ਪ੍ਰਸਿੱਧ ਢਾਡੀ ਰਸ਼ਪਾਲ ਸਿੰਘ ਪ੍ਰਮਾਲ ਦੇ ਜੱਥੇ ਵੱਲੋਂ ਗੁਰੂ ਇਤਿਹਾਸ ਦੀ ਰਸਭਰੀ ਵਿਆਖਿਆ ਕਰਕੇ ਹਾਜਰ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਉਪਰੰਤ ਅਨਮੋਲ, ਕੁਲਵਿੰਦਰ ਧਨੋਆ, ਕੌਰ ਮਨਦੀਪ, ਵਿਜੇ ਯਮਲਾ, ਸਰਦਾਰ ਜੀ ਆਦਿ ਗਾਇਕਾਂ ਵੱਲੋਂ ਧਾਰਮਿਕ ਗੀਤਾਂ ਦੀ ਸ਼ਰਧਾ-ਭਾਵ ਨਾਲ ਪੇਸ਼ਕਾਰੀ ਕੀਤੀ ਗਈ। ਇਸ ਮੌਕੇ ਉੱਤੇ ਐਮ ਪੀ ਸੁੱਖ ਧਾਲੀਵਾਲ, ਮੇਅਰ ਬਰਿੰਡਾ ਲੌਕ, ਐਮ ਐਲ ਏ ਸਟੀਵ ਕੂਨਰ, ਸੁਨੀਤਾ ਧੀਰ, ਹਰਮਨ ਭੰਗੂ ਅਤੇ ਬਰਾਇਨ ਟੈਪਰ ਸਮੇਤ ਕਈ ਸਿਆਸੀ ਆਗੂ ਹਾਜ਼ਰ ਸਨ। ਇਨ੍ਹਾਂ ਤੋਂ ਇਲਾਵਾ ਸ਼ਹਿਰ ਦੀਆਂ ਪ੍ਰਮੁੱਖ ਸ਼ਖਸੀਅਤਾਂ ਤ੍ਰਿਪਤ ਅਟਵਾਲ, ਆਈਕ ਸੇਖੋਂ, ਗੁਰਬਾਜ ਬਰਾੜ, ਸੁਨੀਲ ਮੁੰਜਾਲ, ਜਰਨੈਲ ਸਿੰਘ ਖੰਡੋਲੀ, ਸੀ ਜੇ ਸਿੱਧੂ, ਮਹੇਸ਼ਇੰਦਰ ਸਿੰਘ ਮਾਂਗਟ, ਨਿਰੰਜਨ ਸਿੰਘ ਲਹਿਲ, ਵਿਕਾਸ ਗੌਤਮ ਅਤੇ ਰਮਨ ਸ਼ਰਮਾ ਆਦਿ ਨੇ ਵੀ ਸਮਾਗਮ ਵਿੱਚ ਭਾਗ ਲਿਆ।

ਸੀ ਫੇਸ ਦੇ ਮੁੱਖ ਸੇਵਾਦਾਰਾਂ ਭੁਪਿੰਦਰ ਸਿੰਘ ਲੱਧੜ, ਅੰਮ੍ਰਿਤਪਾਲ ਸਿੰਘ ਢੋਟ, ਮਨਜੀਤ ਸਿੰਘ ਚੀਮਾ, ਲਖਵੀਰ ਸਿੰਘ ਗਰੇਵਾਲ, ਇੰਦਰਜੀਤ ਸਿੰਘ ਲੱਧੜ ਅਤੇ ਸ੍ਰੀਕਾਂਤ ਵੱਲੋਂ ਸਮਾਗਮ ਵਿੱਚ ਪੁੱਜੀਆਂ ਸਭਨਾਂ ਸ਼ਖਸੀਅਤਾਂ ਅਤੇ ਸੰਗਤਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ।

## ਨਵਾਂ ਸਾਲ ਸੱਚੇ ਪਾਤਸ਼ਾਹ




**************************

ਉੱਠ ਕੇ ਸਵੇਰੇ ਸਦਾ, ਨਿੱਤਨੇਮ ਕਰਾਂ ਮੈ
ਲੰਗਰਾਂ ਚ ਕਰਾਂ ਸੇਵਾ, ਬਾਣੀ ਨਿੱਤ ਪੜਾਂ ਮੈ
ਸਦਾ ਰਹੇ ਤੇਰਾ ਹੀ, ਖਿਆਲ ਸੱਚੇ ਪਾਤਸ਼ਾਹ
ਸੁੱਖਾਂ ਦਾ ਚੜਾਵੀਂ ਨਵਾਂ, ਸਾਲ ਸੱਚੇ ਪਾਤਸ਼ਾਹ

*****************************

ਮੰਗਦੇ ਆ ਤੇਰੇ ਤੋਂ, ਰਿਹਾਈ ਬੰਦੀ ਸਿੰਘਾਂ ਦੀ
ਜੇਹਲਾਂ ਵਿੱਚ ਹੋਵੇ ਜੀ, ਚੜਾਈ ਬੰਦੀ ਸਿੰਘਾਂ ਦੀ
ਸਿੰਘਾਂ ਦਾ ਨਾ ਹੋਵੇ ਵਿੰਗਾ, ਵਾਲ ਸੱਚੇ ਪਾਤਸ਼ਾਹ
ਚੜਦੀ ਕਲਾ ਚ ਲੰਘੇ, ਸਾਲ ਸੱਚੇ ਪਾਤਸ਼ਾਹ

******************************

ਸੁੱਖ ਹੋਵੇ ਸਦਾ ਮੇਰੇ  ਲਾਡਲੇ ਪੰਜਾਬ ਦੀ
ਖੈਰ ਹੋਵੇ ਦੁਨੀਆ ਤੇ ਖਾਲਸੇ ਦੇ ਰਾਜ ਦੀ
ਯੋਧਿਆਂ ਦੀ ਹੋਵੇ ਪੂਰੀ, ਘਾਲ ਸੱਚੇ ਪਾਤਸ਼ਾਹ
ਸੁੱਖਾਂ ਦਾ ਲਿਆਵੀਂ ਨਵਾਂ ਸਾਲ ਸੱਚੇ ਪਾਤਸ਼ਾਹ

****************************

ਖੁਸ਼ੀਆਂ ਤੇ ਖੇੜਿਆਂ ਦੇ , ਦੀਵੇ ਰਹਿਣ ਜਗਦੇ
ਮਿਹਰਾਂ ਵਾਲੇ ਸਿਰਾਂ ਉੱਤੇ, ਹੜ ਰਹਿਣ ਵਗਦੇ
ਰਹੀਂ ਕੁਲਵੀਰ ਤੇ, ਦਿਆਲ ਸੱਚੇ ਪਾਤਸ਼ਾਹ
ਚੜਦੀ ਕਲਾ ਚ ਲੰਘੇ ਸਾਲ ਸੱਚੇ ਪਾਤਸ਼ਾਹ

**ਕੁਲਵੀਰ ਸਿੰਘ ਡਾਨਸੀਵਾਲ**
778 863 2472

ANSATEL COMMUNICATIONS

Helping Lower Mainland Businesses Since 1983

Panasonic ideas for life



- VOIP Telephone Systems
- VOIP Phone Lines
- Data & Telephone Cabling
- Automatic Call Distribution
- CTI (Computer Telephone Integration)
- Wireless & Corded Headsets
- Multiline Wireless Telephones
- Lease Or Rental Packages
- Service Other Makes & Models

Helping Lower Mainland Businesses Since 1983

*Customized Solutions to Suit Your Needs.*

604-872-6500

2148 Kingsway, Vancouver | www.ansatel.com - info@ansatel.com

24/7 SALES & SERVICE

# ਬਰਤਾਨੀਆ ਵਿਖੇ ਸ਼ਾਹੀ ਖਿਤਾਬਾਂ ਨਾਲ ਸਿੱਖਾਂ ਦਾ ਸਨਮਾਨ



ਲੰਡਨ: ਨਵੇਂ ਸਾਲ ਮੌਕੇ ਮਹਾਰਾਜਾ ਚਾਰਲਸ ਤੀਜੇ ਵੱਲੋਂ ਵੱਖ-ਵੱਖ ਖੇਤਰਾਂ 'ਚ ਯੋਗਦਾਨ ਪਾਉਣ ਵਾਲੇ ਲੋਕਾਂ ਨੂੰ ਸ਼ਾਹੀ ਖਿਤਾਬਾਂ ਨਾਲ ਸਨਮਾਨਿਤ ਕੀਤਾ ਗਿਆ ਹੈ । ਜਿਹਨਾਂ 'ਚ ਸਿੱਖ ਧਰਮ ਤੇ ਵਿਰਾਸਤ, ਉਦਯੋਗਿਕ ਖੇਤਰ, ਅਕਾਦਮਿਕ ਤੇ ਵਿੱਤੀ ਸੇਵਾਵਾਂ ਤੋਂ ਲੈ ਕੇ ਫੈਸ਼ਨ ਤੇ ਕਲਾ ਨਾਲ ਸੰਬੰਧਿਤ ਸਿੱਖ ਪਿਛੋਕੜ ਵਾਲੇ ਲੋਕ ਸ਼ਾਮਿਲ ਹਨ । ਗੁਰਮਤਿ ਸੰਗੀਤ ਅਕੈਡਮੀ ਦੇ ਸੰਸਥਾਪਕ ਡਾ. ਹਰਜਿੰਦਰ ਸਿੰਘ ਲਾਲੀ ਨੂੰ 5 ਬੀ.ਈ. ਦੇ ਖਿਤਾਬ ਨਾਲ ਸਨਮਾਨਿਤ ਕੀਤਾ ਹੈ । ਜਿਹਨਾਂ ਨੇ ਤਿੰਨ ਦਹਾਕਿਆਂ ਤੋਂ ਅਧਿਆਪਨ ਤੇ ਭਾਈਚਾਰਕ ਆਗੂ ਵਜੋਂ ਸੇਵਾਵਾਂ ਕਰਦਿਆਂ ਸਿੱਖ ਸੰਗੀਤ ਵਿਰਾਸਤ ਲਈ ਅਹਿਮ ਯੋਗਦਾਨ ਪਾਇਆ ਹੈ । ਬਰਤਾਨੀਆਂ ਦੇ ਵਿੱਤੀ ਵਿਭਾਗਾਂ 'ਚ ਸੇਵਾਵਾਂ ਦੇਣ ਵਾਲੀ ਨੀਤਾ ਅਟਕੜ ਨੂੰ ਸੀ.ਬੀ.ਈ. ਦਾ ਖਿਤਾਬ ਦਿੱਤਾ ਗਿਆ ਹੈ । ਵਿੱਤੀ ਖੇਤਰ 30 ਸਾਲਾਂ ਤੋਂ ਵੱਧ ਸਮਾਂ ਸੇਵਾਵਾਂ ਦੇਣ ਵਾਲੀ ਨੀਤਾ ਨੇ ਬੈਂਕ ਆਫ਼ ਇੰਗਲੈਂਡ ਤੇ ਆਰਥਿਕ ਸੇਵਾ ਅਥਾਰਟੀ ਤੋਂ ਕੰਮ ਸ਼ੁਰੂ ਕੀਤਾ । ਬਰਤਾਨਵੀ ਕੋਰੀਓਗ੍ਰਾਫਰ ਤੇ ਕਲਾਤਮਕ ਨਿਰਦੇਸ਼ਕ ਬਲਬੀਰ ਸਿੰਘ ਨੂੰ ਐਮ.ਬੀ.ਈ. ਦਾ ਸਨਮਾਨ ਦਿੱਤਾ ਹੈ । ਜੋ ਕਲਾ ਨ੍ਰਿਤ ਦੇ ਖੇਤਰ 'ਚ ਲੰਮੇਂ ਸਮੇਂ ਤੋਂ ਕੰਮ ਕਰ ਰਹੇ ਹਨ । ਇਸ ਤੋਂ ਇਲਾਵਾ ਬਰਤਾਨਵੀ ਫੈਸ਼ਨ ਦੇ ਖੇਤਰ 'ਚ 40 ਸਾਲ ਤੋਂ ਵੱਧ ਸਮੇਂ ਤੋਂ ਕੰਮ ਕਰ ਰਹੇ ਮਨੀ ਕੋਹਲੀ ਨੂੰ ਐਮ.ਬੀ.ਈ. ਦਾ ਖਿਤਾਬ ਦਿੱਤਾ ਹੈ । ਯੌਰਕ ਯੂਨੀਵਰਸਿਟੀ 'ਚ ਕੈਮਿਸਟਰੀ ਪ੍ਰੋਫੈਸਰ ਵਜੋਂ ਸੇਵਾਵਾਂ ਦੇ ਰਹੇ ਪ੍ਰੋਫੈਸਰ ਅਵਤਾਰ ਸਿੰਘ ਮਠਾਰੂ ਦਾ ਐਮ.ਬੀ.ਈ. ਨਾਲ ਸਨਮਾਨ ਕੀਤਾ ਗਿਆ । ਉਨ੍ਹਾਂ ਦੀ ਅਗਵਾਈ 'ਚ ਯੂਰਕ ਇੰਟਰਫੇਥ ਗਰੁੱਪ ਨੇ ਨਫ਼ਰਤੀ ਅਪਰਾਧ ਤੇ ਨਸਲੀ ਵਿਤਕਰਿਆਂ ਨਾਲ ਨਜਿੱਠਣ ਲਈ ਸਥਾਨਕ ਅਧਿਕਾਰੀਆਂ ਤੇ ਪੁਲਿਸ ਨਾਲ ਮਿਲ ਕੇ ਕੰਮ ਕੀਤਾ । ਪ੍ਰੋਫੈਸਰ ਗੁਰਪ੍ਰੀਤ ਸਿੰਘ ਜਗਪਾਲ ਨੂੰ 5 ਬੀ.ਈ. ਦਾ ਖਿਤਾਬ ਦਿੱਤਾ ਗਿਆ ਹੈ, ਜੋ ਐਸਟਨ ਯੂਨੀਵਰਸਿਟੀ 'ਚ ਮੁੱਖ ਵਪਾਰਕ ਅਧਿਕਾਰੀ ਵਜੋਂ ਯੂਨੀਵਰਸਿਟੀ ਦੀ ਵਿਕਾਸ ਰਣਨੀਤੀ ਤੇ ਵਪਾਰਕ ਵਿਕਾਸ ਲਈ ਕੰਮ ਕਰਦੇ ਹਨ । ਇਸ ਤੋਂ ਇਲਾਵਾ ਦਲਜੀਤ ਸਿੰਘ ਰੀਹਲ ਮੁੱਖ ਡਿਜੀਟਲ ਸੂਚਨਾ ਅਧਿਕਾਰੀ, ਐਚ.ਐਮ.ਆਰ. ਤੇ ਕਸਟਮਜ਼ ਨੂੰ ਸੀ.ਬੀ.ਈ. ਨਰਿੰਦਰ ਕੂਰ ਸ਼ੇਰਗਿਲ ਸੁਰੱਖਿਆ ਸਲਾਹਕਾਰ, ਨਿਆਂ ਪ੍ਰਸ਼ਾਸਨ (ਲੰਡਨ) ਨੂੰ 5 ਬੀ.ਈ., ਕੁਲਵੰਤ ਸਿੰਘ ਸੈਹਮੀ ਨੂੰ ਐਨ.ਐਚ.ਐਸ. ਫਾਊਂਡੇਸ਼ਨ ਟਰੱਸਟ ਮੂਰਫੀਲਡ ਹਸਪਤਾਲ ਦੀਆਂ ਸੇਵਾਵਾਂ ਲਈ ਐਮ.ਬੀ.ਈ., ਮਨਜਿੰਦਰ ਸਿੰਘ ਕਾਂਗ ਨੂੰ ਭਾਈਚਰਕ ਸੁਰੱਖਿਆ ਸੇਵਾਵਾਂ ਨੈੱਟਵਰਕ ਰੇਲ ਲਈ ਬੀ.ਈ.ਐਮ., ਭਜਨ ਮਠਾੜੂ ਸਹਾਇਕ ਮੁੱਖ ਅਧਿਆਪਕ, ਡੀਨਸਫੀਲਡ ਲੰਡਨ ਬਾਰੋ ਆਫ਼ ਹਿਲੰਗਡਨ ਨੂੰ ਬੀ.ਈ.ਐਮ., ਸਭੀਜਿੰਦਰ ਸਿੰਘ ਹੇਅਰ ਨੂੰ ਭਾਈਚਾਰਕ ਸੇਵਾਵਾਂ ਲਈ ਬੀ.ਈ.ਐਮ. ਦਾ ਖਿਤਾਬ ਦਿੱਤਾ ਗਿਆ ਹੈ।

# ਕੈਨੇਡਾ 'ਚ ਸਿੱਖ ਨੌਜਵਾਨ ਨੂੰ ਮਿਲਿਆ 'ਐਗਜ਼ਮਪਲਰੀ ਸਰਵਿਸ ਐਵਾਰਡ'



**ਐਬਟਸਫੋਰਡ:** ਕੈਨੇਡਾ ਸਰਕਾਰ ਦੇ ਜਨਤਕ ਸੁਰੱਖਿਆ ਮੰਤਰਾਲੇ ਨੇ ਬ੍ਰਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਕਰੇਨਬਰੁਕ ਨਿਵਾਸੀ ਪੰਜਾਬੀ ਨੌਜਵਾਨ 25 ਸਾਲਾ ਸਿਮਰਨ ਸਿੰਘ ਨੂੰ 'ਐਮਰਜੈਂਸੀ ਮੈਨੇਜਮੈਂਟ ਐਗਜਮਪਲਰੀ ਸਰਵਿਸ ਐਵਾਰਡ 2025' ਨਾਲ ਸਨਮਾਨਿਤ ਕੀਤਾ ਹੈ । ਪਬਲਿਕ ਸੇਫ਼ਟੀ ਮੰਤਰਾਲੇ ਵਲੋਂ ਇਹ ਵੱਕਾਰੀ ਸਨਮਾਨ ਉਨ੍ਹਾਂ ਸ਼ਖ਼ਸੀਅਤਾਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੇ ਕੁਦਰਤੀ ਆਫ਼ਤਾਂ ਮੌਕੇ ਵਲੰਟੀਅਰ ਦੇ ਤੌਰ 'ਤੇ ਐਮਰਜੈਂਸੀ ਸੇਵਾਵਾਂ ਵਿਚ ਅਹਿਮ ਯੋਗਦਾਨ ਪਾਇਆ ਹੋਵੇ । ਸਿਮਰਨ ਸਿੰਘ ਨੂੰ ਇਹ ਸਨਮਾਨ ਐਬਟਸਫੋਰਡ ਵਿਖੇ ਆਏ ਹੜ੍ਹ ਦੌਰਾਨ ਕੀਤੀਆਂ ਸ਼ਾਨਦਾਰ ਐਮਰਜੈਂਸੀ ਸੇਵਾਵਾਂ ਬਦਲੇ ਦਿੱਤਾ ਗਿਆ ਹੈ । ਐਬਟਸਫੋਰਡ ਦੀ 'ਯੂਨੀਵਰਸਿਟੀ ਆਫ਼ ਫਰੇਜ਼ਰ ਵੈਲੀ' ਦਾ ਵਿਦਿਆਰਥੀ ਰਿਹਾ ਸਿਮਰਨ ਸਿੰਘ 7 ਸਾਲ ਪਹਿਲਾਂ ਸਟੂਡੈਂਟ ਵੀਜ਼ੇ 'ਤੇ ਕੈਨੇਡਾ ਆਇਆ ਸੀ ਤੇ ਉਸ ਨੇ ਜਸਟਿਸ ਇੰਸਟੀਚਿਊਟ ਆਫ਼ ਬ੍ਰਿਸ਼ ਕੋਲੰਬੀਆ ਤੋਂ ਐਮਰਜੈਂਸੀ ਸਪੋਰਟ ਸਰਵਿਸਿਜ਼ ਡਾਇਰੈਕਟਰ ਅਤੇ ਬੇਸਿਕ ਸਕਿਉਰਟੀ ਟਰੇਨਿੰਗ ਕੀਤੀ ਹੋਈ ਹੈ । ਸਿਮਰਨ ਸਿੰਘ ਈਸਟ ਕੂਟਨੀ ਰੀਜ਼ਨਲ ਡਿਸਟ੍ਰਿਕ ਵਿਖੇ ਐਮਰਜੈਂਸੀ ਪ੍ਰੋਗਰਾਮ ਕੋਆਰਡੀਨੇਟਰ ਵਜੋਂ ਸੇਵਾਵਾਂ ਨਿਭਾਅ ਰਿਹਾ ਹੈ।


ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸਬੰਧੀ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ

Transparent IMMIGRATION SERVICES INC

- Visitor Visa/Extension
- Super Visa
- Study Permit/ PGWP
- LMIA
- Work Permit
- Spousal Sponsorship
- Express Entry Application
- PR Application/Renewal
- Citizenship Application
- Family Sponsorship



Maninder Kaur (RCIC)

For more information Contact 778-951-8252

#219, 7928-128 St. Surrey, British Columbia, V3W 4E8

Email: info@transparentimmigration.com



CONNECT INSURANCE BROKERS INC.

ਸੁਪਰ ਵੀਜ਼ਾ ਇੰਸ਼ੋਰੈਂਸ

Autoplan [ Home [ Travel
Mortgage [ Tenant

Call Now:
604.553.6616

165-23233 Gilley Road
Richmond, BC V6V 1E6


WCC
WESTERN COMMUNITY COLLEGE
REGISTERED MASSAGE THERAPIST
PROGRAM
Become a Massage Therapist
Graduate In Under 2 Years with an average hourly wage of $80/hr*
START YOUR RMT JOURNEY
Gain hands-on training, in-depth knowledge, and clinical experience to become a licensed massage therapist in BC. Our RMT program prepares you for CCOA board exams and a successful career in healthcare.
FLEXIBLE SCHEDULES
FINANCIAL AID AVAILABLE
97% GRADUATE EMPLOYMENT RATE
$80* HOURLY WAGE AVERAGE
SURREY CAMPUS
604.594.3500
WCC.CA/RMT

SA
MEDIA GROUP

ਪੰਜਾਬੀ ਜਰਨਲ

DELTA OFFICE:
#3 7953 120 St. Delta
BC., V4C 6P6
Ph : 604-312-5678
EMAIL:
punjabijournal@gmail.com
connect@asianjournal.ca

The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

**ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।**

RETURN UNDELIVERABLE TO
CIRCULATION WING
SA MEDIA GROUP
14308 62nd Ave.,
Surrey BC, V3S 0K5
PUBLICATION MAIL
Contract/Agreement
# is 41798524

1520799 BC Ltd
SA Media Group
(Punjabi Journal)
is not responsible or legally liable for any matter or typing mistake.

**Managing Director**
**SAHEBJIT SINGH RANDHAWA**

**For Advertising**
**Call 604-312-5678**

**Graphic Designer**
**Ashu Kashyap**

# ਏਆਈ ਨਾਲ 2026 ’ਚ ਕੀ ਕ੍ਰਿਸ਼ਮਾ ਦਿਖਾਏਗਾ?

ਜੇ 2024 ਉਹ ਸਾਲ ਸੀ, ਜਦ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਨੇ ਬੋਲਣਾ ਸਿੱਖਿਆ ਤਾਂ 2025 ਉਹ ਸਾਲ ਰਿਹਾ, ਜਦ ਏਆਈ ਦੇ ਹੱਥ ਵਧੇ ਤੇ ਉਸ ਦਾ ਘੇਰਾ ਅਤੇ ਅਸਰ ਵਧਿਆ। ਇਹ ਉਹ ਸਾਲ ਰਿਹਾ, ਜਦ ਏਆਈ ਫ਼ੈਸਲਾਕੁਨ ਰੂਪ ਨਾਲ ਡੈਮੋ ਤੇ ਪਾਇਲਟ ਪ੍ਰੋਜੈਕਟਾਂ ਤੋਂ ਅੱਗੇ ਨਿਕਲ ਕੇ ਅਸਲੀ ਅਮਲ ਤੇ ਆਜਾਦੀ ਨਾਲ ਵੱਡੇ ਪੱਧਰ ’ਤੇ ਵਰਤੋਂ ’ਚ ਉਤਰਿਆ। ਚਰਚਾ ਏਆਈ ਟੂਲਜ਼ ਦੀ ਵਰਤੋਂ ਤੋਂ ਅੱਗੇ ਵਧ ਕੇ ਏਆਈ ਏਜੇਂਟਸ ਦੇ ਨਿਰਮਾਣ ’ਤੇ ਆ ਗਈ। ਜਨਰੇਟਿਵ ਏਆਈ ਦੀ ਥਾਂ ਏਜੇਂਟਿਕ ਏਆਈ ਮੁੱਖ ਧਾਰਨਾ ਬਣ ਗਈ।

ਏਜੇਂਟਿਕ ਏਆਈ ਅਜਿਹੇ ਸਿਸਟਮ ਨੂੰ ਕਹਿੰਦੇ ਹਨ, ਜੋ ਸਿਰਫ਼ ਇਨਸਾਨਾਂ ਨੂੰ ਸਲਾਹ ਨਹੀਂ ਦਿੰਦੇ, ਬਲਕਿ ਇੰਟਰਪ੍ਰਾਈਜਿਜ਼ ਸਾਫਟਵੇਅਰ ਦੇ ਅੰਦਰ ਬਹੁ-ਪੜਾਅ ਵਾਲੇ ਵਰਕਫਲੋਅ ਨੂੰ ਆਪ ਅੰਜਾਮ ਦਿੰਦੇ ਹਨ। ਏਜੇਂਟਿਕ ਬ੍ਰਾਊਜ਼ਰਾਂ ਤੋਂ ਲੈ ਕੇ ਆਟੋਨਾਮਸ ਕਾਮਰਸ ਤੇ ਵਰਕਫਲੋਅ ਆਟੋਮੇਸ਼ਨ ਤੱਕ, ਏਆਈ ਇਕ ਸਹਾਇਕ ਤੋਂ ਵਧ ਕੇ ਜੂਨੀਅਰ ਸਹਿਯੋਗੀ ਦੀ ਤਰ੍ਹਾਂ ਵਿਵਹਾਰ ਕਰਨ ਲੱਗਾ। ਸਾਲ 2025 ਆਤਮ ਮੰਥਨ ਦਾ ਸਾਲ ਰਿਹਾ। ਕੰਪਨੀਆਂ ਨੇ ਦਿਖਾਵਟੀ ਤਜਰਬਿਆਂ ਨੂੰ ਛੱਡ ਕੇ ਪੁਖ਼ਤਾ ਤੇ ਮਾਪਣ ਯੋਗ ਰਿਟਰਨ ਆਨ ਇਨਵੈਸਟਮੈਂਟ ਦੀ ਮੰਗ ਸ਼ੁਰੂ ਕੀਤੀ।




ਏਆਈ ਨੂੰ ਅਪਨਾਉਣਾ ਹੁਣ ਅਪਵਾਦ ਨਹੀਂ, ਬਲਕਿ ਜ਼ਰੂਰਤ ਬਣ ਗਿਆ। ਕੋਡਿੰਗ ਪਹਿਲਾ ਅਜਿਹਾ ਉਪਯੋਗ ਖੇਤਰ ਬਣਿਆ, ਜਿੱਥੇ ਏਆਈ ਦਾ ਵੱਡੇ ਪੱਧਰ ’ਤੇ ਅਸਰ ਦਿਖਾਈ ਦਿੱਤਾ। ਕਲਾਡ, ਕਰਸਰ ਤੇ ਕੋਪਾਇਲਟ ਵਰਗੇ ਏਆਈ ਟੂਲਜ਼ ਇੰਟਰਪ੍ਰਾਈਜ਼ ਪੱਧਰ ’ਤੇ 40 ਫ਼ੀਸਦੀ ਤੋਂ ਵੱਧ ਨਵਾਂ ਕੋਡ ਤਿਆਰ ਕਰਨ ਲੱਗੇ।

ਇਸ ਨਾਲ ਹੀ ਸਾਫਟਵੇਅਰ ਇੰਜੀਨੀਅਰ ਦੀ ਭੂਮਿਕਾ ਵੀ ਬਦਲਣ ਲੱਗੀ। ਹੁਣ ਉਹ ਸਿਰਫ਼ ਕੋਡ ਲਿਖਣ ਵਾਲਾ ਨਹੀਂ, ਬਲਕਿ ਮਸ਼ੀਨ ਦਾ ਸੁਪਰਵਾਈਜ਼ਰ ਤੇ ਸਿਸਟਮ ਆਰਕੀਟੈਕਟ ਬਣਦਾ ਜਾ ਰਿਹਾ ਹੈ।

ਸੈਮੀਕੰਡਕਟਰ ਚਿਪ ਬਣਾਉਣ ਵਾਲੀ ਕੰਪਨੀ ਐਨਵੀਡੀਆ ਦੇ ਸੀਈਓ ਜੇਂਸਨ ਹੁਆਂਗ ਦੇ ਸ਼ਬਦਾਂ ’ਚ ਕਹੀਏ ਤਾਂ ਅਸੀਂ ਸਾਫਟਵੇਅਰ ਏਜੇਂਟਸ ਲਈ ਐੱਚਆਰ ਮੈਨੇਜਰ ਬਣ ਗਏ ਹਾਂ।

ਇਸ ਲੰਘਦੇ ਸਾਲ ਦੇ ਪਰਦੇ ਦੇ ਪਿੱਛੇ ਏਆਈ ਦੀ ਭੌਤਿਕ ਨੀਂਹ ਵੀ ਤਿਆਰ ਹੋ ਰਹੀ ਹੈ। ਐਟਮਜ਼ ਫਾਰ ਐਲਗੋਰਿਦਮਜ਼ ਅੰਦੋਲਨ ਦੇ ਤਹਿਤ ਵੱਡੀਆਂ ਟੈੱਕ ਕੰਪਨੀਆਂ ਨੇ ਗੀਗਾਵਾਟ-ਪੱਧਰੀ ਡਾਟਾ ਕੇਂਦਰਾਂ ਨੂੰ ਊਰਜਾ ਦੇਣ ਲਈ ਪਰਮਾਣੂ ਊਰਜਾ ਵੱਲ ਰੁਖ਼ ਕੀਤਾ।

ਏਆਈ ਨੇ ਸਿਰਫ਼ ਸਾਫਟਵੇਅਰ ਨੂੰ ਨਹੀਂ ਬਦਲਿਆ, ਬਲਕਿ ਵਿਸ਼ਵ ਪੱਧਰੀ ਊਰਜਾ ਦੇ ਬੁਨਿਆਦੀ ਢਾਂਚੇ ਨੂੰ ਵੀ ਨਵੇਂ ਸਿਰੇ ਤੋਂ ਆਕਾਰ ਦੇਣਾ ਸ਼ੁਰੂ ਕਰ ਦਿੱਤਾ।

ਇਸੇ ਵਿਚਾਲੇ ਚੀਨ ਨੇ ਬਿਨਾਂ ਸ਼ੋਰ-ਸ਼ਰਾਬੇ ਦੇ ਸਾਲ 2025 ’ਚ ਬੜ੍ਹਤ ਬਣਾ ਲਈ। ਉਸ ਦਾ ਫੋਕਸ ਏਜੀਆਈ (ਆਰਟੀਫੀਸ਼ੀਅਲ ਜਨਰਲ ਇੰਟੈਲੀਜੈਂਸ) ਦੀ ਸਮਾਂ-ਹੱਦ ਦਾ ਐਲਾਨ ਕਰਨ ਦੀ ਥਾਂ ਐਪਲੀਕੇਸ਼ਨਾਂ, ਓਪਨ-ਸੋਰਸ ਲੀਡਰਸ਼ਿਪ ਤੇ ਊਰਜਾ ’ਤੇ ਰਿਹਾ। ਏਜੀਆਈ ਨੂੰ ਮਨੁੱਖ-ਪੱਧਰੀ ਏਆਈ ਵੀ ਕਿਹਾ ਜਾਂਦਾ ਹੈ। ਇਹ ਇਕ ਅਜਿਹੀ ਬਣਾਉਟੀ ਬੁੱਧੀ ਹੈ, ਜੋ ਲਗਪਗ ਸਾਰੇ ਬੋਧਾਤਮਕ ਕਾਰਜਾਂ ’ਚ ਮਨੁੱਖੀ ਸਮਰੱਥਾ ਦੇ ਬਰਾਬਰ ਜਾਂ ਉਨ੍ਹਾਂ ਤੋਂ ਵੀ ਅੱਗੇ ਨਿਕਲ ਸਕਦੀ ਹੈ। ਓਪਨ-ਸੋਰਸ ਦੀ ਮਾਲਕੀ ਇਕ ਵਾਰ ਮੁੜ ਲੰਬੇ ਸਮੇਂ ਦੀ ਰਣਨੀਤਕ ਬੜ੍ਹਤ ਸਾਬਤ ਹੋਈ ਹੈ। ਬੀਤ ਰਿਹਾ ਸਾਲ ਏਆਈ ਦੇ ਨਕਾਰਾਤਮਕ ਪਹਿਲੂਆਂ ਨੂੰ ਵੀ ਉਜਾਗਰ ਕਰ ਗਿਆ। ਅਸੀਂ ਉਨ੍ਹਾਂ ਦੀ ਅਣਦੇਖੀ ਨਹੀਂ ਕਰ ਸਕਦੇ।

ਡੀਪਫੇਕਸ ਨੇ ਦੁਨੀਆ ਭਰ ’ਚ ਜਮਹੂਰੀ ਪ੍ਰਕਿਰਿਆਵਾਂ ਲਈ ਖ਼ਤਰਾ ਪੈਦਾ ਕੀਤਾ, ਏਆਈ ਕੰਪੈਨੀਅਨਜ਼ ਨੇ ਇਕੱਲੇਪਣ ਤੇ ਮਨੁੱਖੀ ਸਬੰਧਾਂ ਨੂੰ ਲੈ ਕੇ ਅਸਹਿਜ ਸਵਾਲ ਖੜ੍ਹੇ ਕੀਤੇ।

ਸਾਲ 2025 ਸਮਰੱਥਾਵਾਂ ਦਾ ਸਾਲ ਸੀ ਤਾਂ 2026 ਵਿਵੇਕ ਦਾ ਹੋਵੇਗਾ। ਅਸੀਂ ਉਸ ਦੌਰ ’ਚ ਪ੍ਰਵੇਸ਼ ਕਰ ਰਹੇ ਹਾਂ, ਜਿਸ ਨੂੰ ਰੀਜ਼ਨਿੰਗ ਵੈੱਬ ਦਾ ਯੁਗ ਕਿਹਾ ਜਾਂਦਾ ਹੈ। ਜਿੱਥੇ ਸਰਚ ਇੰਜਣ ਲਿੰਕ ਦਿਖਾਉਣ ਦੀ ਥਾਂ ਸਿੱਧਾ ਜਵਾਬ ਦੇਣ ਵਾਲੇ ਇੰਜਣ ਬਣ ਜਾਣਗੇ ਤੇ ਏਆਈ ਬ੍ਰਾਊਜ਼ਰ ਗਿਆਨ ਨੂੰ ਸਮੇਟ ਕੇ ਪੇਸ਼ ਕਰਨਗੇ। ਹਾਲਾਂਕਿ ਇਸ ਨਾਲ ਵੈੱਬ ਦੀ ਆਰਥਿਕ ਬਣਾਵਟ ਨੂੰ ਨਵੇਂ ਸਿਰੇ ਤੋਂ ਘੜਣਾ ਪਵੇਗਾ, ਨਹੀਂ ਤਾਂ ਇਹ ਉਨ੍ਹਾਂ ਕ੍ਰਿਏਟਰਸ ਨੂੰ ਨੁਕਸਾਨ ਪਹੁੰਚਾਏਗਾ, ਜਿਨ੍ਹਾਂ ’ਤੇ ਏਆਈ ਨਿਰਭਰ ਹੈ।

ਇਸੇ ਸਮੇਂ ਏਜੇਂਟਸ ਕੋਪਾਇਲਟ ਤੋਂ ਅੱਗੇ ਵਧ ਕੇ ਸਹਿਯੋਗੀ ਬਣ ਜਾਣਗੇ ਤੇ ਹਲਕੀ ਮਨੁੱਖੀ ਨਿਗਰਾਨੀ ’ਚ ਪੂਰੇ ਵਰਕਫਲੋਅ ਚਲਾ ਸਕਣਗੇ। ਸਾਲ 2026 ਉਹ ਸਾਲ ਵੀ ਹੋਵੇਗਾ, ਜਦ ਏਆਈ ਨੂੰ ਸਰੀਰ ਮਿਲੇਗਾ। ਫੀਜ਼ੀਕਲ ਏਆਈ ਭਾਵ ਰੋਬੋਟਸ ਤੇ ਆਟੋਨਾਮਸ ਸਿਸਟਮਸ ਲੈਬਾਰਟਰੀਆਂ ਤੋਂ ਬਾਹਰ ਨਿਕਲ ਕੇ ਵੇਅਰਹਾਊਸ, ਫੈਕਟਰੀਆਂ ਤੇ ਸ਼ਹਿਰਾਂ ਦੀਆਂ ਸੜਕਾਂ ਤੱਕ ਪੁੱਜਣਗੇ।

ਸੈਲਫ-ਡਰਾਈਵਿੰਗ ਕਾਰਾਂ ਦਾ ਵੱਖ-ਵੱਖ ਸ਼ਹਿਰਾਂ ਤੇ ਮਹਾਦੀਪਾਂ ’ਚ ਵਿਸਥਾਰ ਇਸ ਗੱਲ ਦਾ ਸੰਕੇਤ ਹੈ ਕਿ ਏਂਬੇਡੇਡ ਇੰਟੈਲੀਜੈਂਸ ਹੁਣ ਕਲਪਨਾ ਨਹੀਂ, ਬਲਕਿ ਅਸਲੀ ਸੰਚਾਲਨ ਬਣ ਚੁੱਕੀ ਹੈ। ਸੈਲਫ-ਡਰਾਈਵਿੰਗ ਕਾਰਾਂ ਇਨਸਾਨੀ ਦਖ਼ਲ ਤੋਂ ਬਿਨਾਂ ਚੱਲ ਸਕਦੀਆਂ ਹਨ। ਅਗਲੇ ਸਾਲ ਏਆਈ ਵੈਲਿਊਏਸ਼ਨਜ਼ ’ਚ ਸੁਧਾਰ ਜ਼ਰੂਰ ਆਵੇਗਾ ਪਰ ਗਿਰਾਵਟ ਨਹੀਂ, ਕਿਉਂਕਿ ਤਕਨੀਕ ਪੁਖ਼ਤਾ ਹੈ, ਇਨਫਰਾਸਟ੍ਰਕਚਰ ਡੂੰਘਾ ਹੈ ਤੇ ਕੈਸ਼ ਫਲੋਅ ਮਜ਼ਬੂਤ ਹੈ। ਇਸ ਦੀ ਥਾਂ ਜੋ ਚੀਜ਼ ਸਭ ਤੋਂ ਕੀਮਤੀ ਬਣੇਗੀ, ਉਹ ਹੈ ਮਨੁੱਖੀ ਤੱਤ। ਜਦ ਏਆਈ-ਜਨਰੇਟਿਡ ਕੰਟੈਂਟ ਇੰਟਰਨੈੱਟ ’ਤੇ ਹੜ੍ਹ ਵਾਂਗ ਫੈਲ ਜਾਵੇਗਾ, ਤਦ ਵੈਰੀਫਾਈਡ ਮਨੁੱਖੀ ਰਚਨਾਤਮਕਤਾ, ਵਿਵੇਕ ਤੇ ਜੁੜਾਅ ਇਕ ਤਰ੍ਹਾਂ ਦੀ ਲਗਜ਼ਰੀ ਬਣ ਜਾਣਗੇ।

ਕੁੱਲ ਮਿਲਾ ਕੇ ਦੁਨੀਆ ਦੇ ਨਾਲ-ਨਾਲ ਭਾਰਤ ਲਈ ਵੀ 2026 ਏਆਈ ਦੇ ਖੇਤਰ ’ਚ ਇਕ ਫ਼ੈਸਲਾਕੁਨ ਪਲ ਲੈ ਕੇ ਆਏਗਾ। ਖ਼ੁਦਮੁਖ਼ਤਿਆਰ ਏਆਈ ਇਨਫਰਾਸਟ੍ਰਕਚਰ, ਖੇਤਰੀ ਭਾਸ਼ਾਵਾਂ ’ਚ ਕੰਟੈਂਟ ਦਾ ਧਮਾਕਾ ਤੇ ਜੀਪੀਯੂ (ਗ੍ਰਾਫਿਕਸ ਪ੍ਰੋਸੈਸਿੰਗ ਯੂਨਿਟ) ਤੱਕ ਪਹੁੰਚ ਹੁਣ ਅਸਲੀਅਤ ਲੱਗਣ ਲੱਗੀ ਹੈ। ਜੇ 2025 ਨੇ ਸਾਨੂੰ ਦਿਖਾਇਆ ਕਿ ਏਆਈ ਕੀ ਕਰ ਸਕਦੀ ਹੈ ਤਾਂ 2026 ਸਾਨੂੰ ਇਹ ਤੈਅ ਕਰਨ ਲਈ ਮਜਬੂਰ ਕਰੇਗਾ ਕਿ ਅਸੀਂ ਉਸ ਦੇ ਨਾਲ ਕਿਵੇਂ ਰਹੀਏ, ਆਪਣੇ ਕੰਮ ਕਰੀਏ ਤੇ ਸ਼ਾਸਨ ਕਰੀਏ। ਕੱਚੀ ਬੁੱਧੀਮਤਾ ਦਾ ਯੁਗ ਪਿੱਛੇ ਰਹਿ ਗਿਆ ਹੈ। ਹੁਣ ਵਿਵੇਕ ਦਾ ਯੁਗ ਸ਼ੁਰੂ ਹੋ ਰਿਹਾ ਹੈ।

**ਜਸਪ੍ਰੀਤ ਬਿੰਦਰਾ**

# ਕੈਨੇਡਾ ‘ਚ ਇਲਾਜ ਦੀ ਅਣਹੋਂਦ ’ਚ ਭਾਰਤੀ ਸਮੇਤ 3 ਦੀ ਮੌਤ

**ਐਡਮਿੰਟਨ**: ਕੈਨੇਡਾ ਦੇ ਐਡਮਿੰਟਨ ‘ਚ ਇਲਾਜ ਨਾ ਹੋਣ ਕਾਰਨ ਇਕ 44 ਸਾਲਾ ਭਾਰਤੀ ਮੂਲ ਦੇ ਪ੍ਰਸ਼ਾਂਤ ਸ਼੍ਰੀਕੁਮਾਰ ਦੀ ਮੌਤ ਹੋ ਗਈ ਛ ਤਿੰਨ ਬੱਚਿਆਂ ਦੇ ਪਿਤਾ ਨੇ ਕੰਮ ਦੂਰਾਨ ਛਾਤੀ ‘ਚ ਤੇਜ਼ ਦਰਦ ਦੀ ਸ਼ਿਕਾਇਤ ਕੀਤੀ ਤੇ ਉਸਨੂੰ ਹਸਪਤਾਲ ਲਿਜਾਇਆ ਗਿਆ। ਹਾਲਾਂਕਿ, ਉਸਨੂੰ ਘੱਟੋ-ਘੱਟ 8 ਘੰਟੇ ਇਲਾਜ ਲਈ ਉਡੀਕਦੇ ਰਹਿਣ ਦੀ ਰਿਪੋਰਟ ਦਿੱਤੀ ਗਈ ਅੰਤ ਵਿੱਚ ਸ਼ੱਕੀ ਦਿਲ ਦਾ ਦੂਰਾ ਪੈਣ ਕਾਰਨ ਉਸਦੀ ਮੌਤ ਹੋ ਗਈ। ਕੰਮ ਦੌਰਾਨ ਛਾਤੀ ‘ਚ ਤੇਜ਼ ਦਰਦ ਦੀ ਸ਼ਿਕਾਇਤ ਕਰਨ ਤੋਂ ਬਾਅਦ ਉਸਦੇ ਗਾਹਕ ਉਸਨੂੰ



ਦੱਖਣ-ਪੂਰਬੀ ਐਡਮਿੰਟਨ, ਕੈਨੇਡਾ ਦੇ ਗ੍ਰੇ ਨਨਸ ਹਸਪਤਾਲ ਲੈ ਗਏ। ਪਹਿਲਾਂ ਉਸਦੀ ਜਾਂਚ ਕੀਤੀ ਗਈ ਅਤੇ ਫਿਰ ਵੇਟਿੰਗ ਰੂਮ ‘ਚ ਬੈਠਣ ਲਈ ਕਿਹਾ ਗਿਆ। ਪ੍ਰਸ਼ਾਂਤ ਨੇ ਹਸਪਤਾਲ ਦੇ ਸਟਾਫ ਨੂੰ ਦੱਸਿਆ ਕਿ ਉਸਨੂੰ ਬਹੁਤ ਦਰਦ ਹੋ ਰਿਹਾ ਹੈ, ਪਰ ਸਟਾਫ ਨੇ ਕਿਹਾ ਕਿ ਕੁਝ ਵੀ ਗੰਭੀਰ ਨਹੀਂ ਹੈ ਤੇ ਉਸਨੂੰ ਉਡੀਕ ਕਰਨ ਲਈ ਕਿਹਾ ਗਿਆ। ਉਸਦੀ ਮੌਤ ਤੋਂ ਬਾਅਦ, ਉਸਦੀ ਪਤਨੀ ਦਾ ਇਕ ਵੀਡੀਓ ਸਾਹਮਣੇ ਆਇਆ ਜਿਸ ‘ਚ ਉਹ ਆਪਣੇ ਪਤੀ ਦੀ ਮੌਤ ਲਈ ਗ੍ਰੇ ਨਨਸ ਹਸਪਤਾਲ ਨੂੰ ਜ਼ਿੰਮੇਵਾਰ ਠਹਿਰਾਉਂਦੀ ਦਿਖਾਈ ਦਿੱਤੀ। ਅੱਠ ਘੰਟੇ ਦੀ ਉਡੀਕ ਤੋਂ ਬਾਅਦ, ਜਦੋਂ ਪ੍ਰਸ਼ਾਂਤ ਨੂੰ ਅੰਤ ਵਿੱਚ ਇਲਾਜ ਲਈ ਐਮਰਜੈਂਸੀ ਰੂਮ ‘ਚ ਬੁਲਾਇਆ ਗਿਆ, ਤਾਂ ਉਹ ਡਿੱਗ ਪਿਆ ਤੇ ਪਹੁੰਚਣ ਤੋਂ ਸਿਰਫ਼ 10 ਸਕਿੰਟ ਬਾਅਦ ਉਸਦੀ ਮੌਤ ਹੋ ਗਈ।

ਗ੍ਰੇਅ ਨਨਸ ਹਸਪਤਾਲ ਨੇ ਮਰੀਜ਼ ਦੀ ਗੋਪਨੀਯਤਾ ਦਾ ਹਵਾਲਾ ਦਿੰਦੇ ਹੋਏ ਮਰੀਜ਼ ਦੇ ਇਲਾਜ ਦੇ ਕਿਸੇ ਵੀ ਖਾਸ ਵੇਰਵਿਆਂ ’ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ।

ਇਸੇ ਤਰਾਂ ਹੀ ਇਕ ਹੋਰ ਹਸਪਤਾਲ ‘ਚ ਇਲਾਜ ‘ਚ ਦੇਰੀ ਹੋਣ ਕਾਰਨ 2 ਵਿਅਕਤੀਆਂ ਦੀ ਮੌਤ ਹੋ ਗਈ। ਜ਼ਿਕਰਯੋਗ ਹੈ ਕਿ ਕੈਨੇਡਾ ‘ਚ ਡਾਕਟਰਾਂ ਦੀ ਭਾਰੀ ਘਾਟ ਹੋਣ ਕਰਕੇ ਸਰਕਾਰਾਂ ਕੋਲ ਪੁਖਤਾ ਇਲਾਜ ਦੇ ਕੋਈ ਪੂਰਨ ਪ੍ਰਬੰਧ ਨਹੀਂ ਹਨ। ਜਿਸ ਕਰਕੇ ਲੋਕਾਂ ਨੂੰ ਆਪਣੀਆਂ ਕੀਮਤੀ ਜਾਨਾਂ ਗਵਾਉਣੀਆਂ ਪੈ ਰਹੀਆਂ ਹਨ।

# ਸਰਦੀਆਂ ਵਿਚ ਔਰਤਾਂ ਇਸ ਤਰ੍ਹਾਂ ਰੱਖਣ ਅਪਣੀ ਚਮੜੀ ਦਾ ਖ਼ਿਆਲ



ਸਰਦੀਆਂ ਸ਼ੁਰੂ ਹੁੰਦੇ ਹੀ ਚਮੜੀ ਅਪਣੀ ਨਮੀ ਖੋਹਣ ਲਗਦੀ ਹੈ ਜਿਸ ਕਾਰਨ ਖ਼ੁਸ਼ਕੀ ਦੀ ਸਮੱਸਿਆ ਵੱਧ ਜਾਂਦੀ ਹੈ ਅਤੇ ਇਸ ਦਾ ਅਸਰ ਸਿਰਫ਼ ਚਮੜੀ 'ਤੇ ਹੀ ਨਹੀਂ ਬਲਕਿ ਬੁੱਲ੍ਹਾਂ ਅਤੇ ਸਰੀਰ ਦੇ ਦੂਸਰੇ ਹਿੱਸਿਆਂ 'ਤੇ ਵੀ ਦੇਖਣ ਨੂੰ ਮਿਲਦਾ ਹੈ। ਵੈਸੇ ਤਾਂ ਇਸ ਦਾ ਆਸਾਨ ਤਰੀਕਾ ਹੈ, ਨਹਾਉਣ ਤੋਂ ਤੁਰਤ ਬਾਅਦ ਪੂਰੇ ਸਰੀਰ ਨੂੰ ਚੰਗੀ ਤਰ੍ਹਾਂ ਮੋਸਚਰਾਈਜ਼ਡ ਰੱਖਣ ਦੇ ਨਾਲ ਚਿਹਰੇ ਦੀ ਰੰਗਤ ਨੂੰ ਵੀ ਨਿਖਾਰਨਾ ਚਾਹੁੰਦੇ ਹੋ ਤਾਂ ਇਨ੍ਹਾਂ ਚੀਜ਼ਾਂ ਦਾ ਇਸਤੇਮਾਲ ਬੇਹੱਦ ਫ਼ਾਇਦੇਮੰਦ ਰਹੇਗਾ। ਐਲੋਵੇਰਾ ਜੈੱਲ ਨੂੰ ਕਾਫ਼ੀ ਸਮਾਂ ਪਹਿਲਾਂ ਤੋਂ ਹੀ ਚਮੜੀ ਨੂੰ ਸਿਹਤਯਾਬ ਰੱਖਣ ਵਿਚ ਇਸਤੇਮਾਲ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਐਲੋਵੇਰਾ ਦੇ ਪੱਤਿਆਂ ਅੰਦਰ ਮੌਜੂਦ ਕਿੱਲ ਮੁਹਾਸੇ ਅਤੇ ਝੁਰੜੀਆਂ ਨੂੰ ਦੂਰ ਕਰ ਕੇ ਚਮੜੀ ਵਿਚ ਕਸਾਅ ਲਿਆਉਂਦਾ ਹੈ। ਜੇਕਰ ਤੁਸੀਂ ਲੰਮੇ ਸਮੇਂ ਤਕ ਖ਼ੂਬਸੂਰਤ ਅਤੇ ਜਵਾਨ ਨਜ਼ਰ ਆਉਣਾ ਚਾਹੁੰਦੇ ਹੋ ਤਾਂ ਐਲੋਵੇਰਾ ਤੋਂ ਬਿਹਤਰੀਨ ਅਤੇ ਸਸਤਾ ਬਿਊਟੀ ਪ੍ਰੋਡਕਟ ਹੋਰ ਨਹੀਂ ਹੋ ਸਕਦਾ।

ਕੱਚਾ ਦੁੱਧ ਐਂਟੀਆਕਸੀਡੈਂਟ ਨਾਲ ਭਰਪੂਰ ਹੁੰਦਾ ਹੈ ਜੋ ਚਿਹਰੇ ਦੇ ਦਾਗ਼-ਧੱਬਿਆਂ ਨੂੰ ਦੂਰ ਕਰ ਕੇ ਉਸ ਦੀ ਰੰਗਤ ਵਿਚ ਵੀ ਸੁਧਾਰ ਲਿਆਉਂਦਾ ਹੈ। ਇੰਨਾ ਹੀ ਨਹੀਂ ਸਰਦੀਆਂ ਵਿਚ ਖੁਸ਼ਕ ਚਮੜੀ ਦੀ ਪ੍ਰੇਸ਼ਾਨੀ ਦਾ ਵੀ ਇਹ ਬਿਹਤਰੀਨ ਹੱਲ ਹੈ। ਇਸ ਲਈ ਬਸ ਕੱਚਾ ਦੁੱਧ ਲੈ ਕੇ ਕਾਟਨ ਦੀ ਮਦਦ ਨਾਲ ਉਸ ਨੂੰ ਚਿਹਰੇ 'ਤੇ ਲਗਾ ਕੇ ਕੁੱਝ ਦੇਰ ਮਸਾਜ ਕਰੋ, 10-15 ਮਿੰਟ ਬਾਅਦ ਚਿਹਰਾ ਧੋ ਲਉ। ਦੂਸਰਾ ਤਰੀਕਾ ਹੈ ਕੱਚੇ ਦੁੱਧ ਵਿਚ ਹਲਕਾ ਜਿਹਾ ਹਲਦੀ ਪਾਊਡਰ ਮਿਲਾ ਕੇ ਉਸ ਨਾਲ ਚਿਹਰੇ ਦੀ ਮਸਾਜ ਕਰੋ।

ਸਰਦੀਆਂ ਵਿਚ ਜ਼ਿਆਦਾਤਰ ਘਰਾਂ ਵਿਚ ਨਾਰੀਅਲ ਤੇਲ ਨੂੰ ਹੀ ਇਸਤੇਮਾਲ ਕੀਤਾ ਜਾਂਦਾ ਹੈ। ਇਹ ਚਮੜੀ ਨੂੰ ਅੰਦਰੂਨੀ ਪੋਸ਼ਣ ਪ੍ਰਦਾਨ ਕਰਦਾ ਹੈ। ਇਸ ਨੂੰ ਸਰੀਰ 'ਤੇ ਲਗਾਉਣ ਨਾਲ ਹੀ ਚਿਹਰੇ ਦੀ ਵੀ ਮਸਾਜ ਕਰੋ। ਸੌਣ ਤੋਂ ਪਹਿਲਾਂ ਚਿਹਰੇ 'ਤੇ ਨਾਰੀਅਲ ਤੇਲ ਲਾਉ ਅਤੇ ਰਾਤ ਭਰ ਉਸ ਨੂੰ ਲੱਗਾ ਰਹਿਣ ਦਿਉ। ਸਵੇਰੇ ਕੋਸੇ ਪਾਣੀ ਨਾਲ ਚਿਹਰਾ ਧੋ ਲਉ।

ਸਰਦੀਆਂ ਵਿਚ ਚਮੜੀ ਲਈ ਸ਼ਹਿਦ ਵੀ ਬੇਹੱਦ ਫ਼ਾਇਦੇਮੰਦ ਹੁੰਦਾ ਹੈ। ਸ਼ਹਿਦ ਵਿਚ ਦੁੱਧ ਤੋਂ ਲੈ ਕੇ ਪਪੀਤਾ, ਹਲਦੀ ਜਿਹੀਆਂ ਕਈ ਚੀਜ਼ਾਂ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਇਹ ਸਾਰੇ ਨੈਚੁਰਲ ਹਨ ਜਿਸ ਨਾਲ ਕਿਸੇ ਵੀ ਤਰ੍ਹਾਂ ਦੇ ਨੁਕਸਾਨ ਦਾ ਖ਼ਤਰਾ ਨਹੀਂ ਹੁੰਦਾ। ਨਹਾਉਣ ਤੋਂ ਪਹਿਲਾਂ ਸ਼ਹਿਦ, ਹਲਦੀ ਅਤੇ ਦੋ ਤੋਂ ਤਿੰਨ ਬੂੰਦਾਂ ਨਿੰਬੂ ਦਾ ਰਸ ਮਿਲਾਉ ਅਤੇ ਇਸ ਨੂੰ ਚਿਹਰੇ 'ਤੇ ਲਗਾ ਕੇ 10-15 ਮਿੰਟ ਰੱਖੋ।

# 8 ਕਰੋੜ ਦੇ ਗਹਿਣੇ ਪਾਉਂਦਾ ਹੈ ਬਿਹਾਰ ਦਾ 'ਗੋਲਡ ਮੈਨ'



ਪਟਨਾ ਸਾਹਿਬ: ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ 'ਗੋਲ਼ਡ ਮੈਨ ਬਿਹਾਰ' ਦੇ ਨਾਮ ਨਾਲ ਮਸ਼ਹੂਰ ਪ੍ਰੇਮ ਸਿੰਘ ਨੇ ਅੱਜ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਙ ਇਸ ਮੌਕੇ 'ਅਜੀਤ' ਨਾਲ ਵਿਸ਼ੇਸ਼ ਗੱਲਬਾਤ ਕਰਦਿਆਂ ਗੋਲ਼ਡ ਮੈਨ ਪ੍ਰੇਮ ਸਿੰਘ ਨੇ ਦੇਸ਼ ਵਾਸੀਆਂ ਨੂੰ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਅਸੀਂ ਬਿਹਾਰ ਵਾਸੀ ਆਪਣੇ ਆਪ 'ਤੇ ਬੇਹੱਦ ਮਾਣ ਮਹਿਸੂਸ ਕਰਦੇ ਹਾਂ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਇੱਥੇ ਹੋਇਆ ਙ ਉਸ ਨੇ ਕਿਹਾ ਕਿ ਉਹ ਗੁਰੂ ਘਰ ਪ੍ਰਤੀ ਵੱਡੀ ਆਸਥਾ ਰੱਖਦਾ ਹੈ ਅਤੇ ਇੱਥੋਂ ਹੀ ਉਸ ਦਾ ਸੋਨੇ ਦੇ ਗਹਿਣੇ ਪਹਿਨਣ ਦਾ ਸੁਪਨਾ ਸਾਕਾਰ ਹੋਇਆ ਹੈ ਙ ਕਿਸਾਨ ਪ੍ਰੇਮ ਸਿੰਘ ਨੇ ਕਿਹਾ ਕਿ ਉਹ ਆਪਣੀ ਖੇਤੀਬਾੜੀ ਦੀ ਨੇਕ ਕਮਾਈ ਦਾ ਵੱਡਾ ਹਿੱਸਾ ਗਹਿਣਿਆਂ ਦੀ ਖਰੀਦਦਾਰੀ 'ਤੇ



## ਸਰਦੀਆਂ ’ਚ ਕਸਰਤ ਕਿਵੇਂ ਕਰੀਏ?



ਜਿਉਂ ਹੀ ਸਰਦੀਆਂ ਦਾ ਮੌਸਮ ਸ਼ੁਰੂ ਹੁੰਦਾ ਹੈ ਖਾਣ ਪੀਣ ਦੀਆਂ ਚੀਜ਼ਾਂ ਦੀ ਬਹੁਤਾਤ ਘਰਾਂ ਵਿਚ ਵਧਣ ਲੱਗਦੀ ਹੈ। ਸਰ੍ਹੋਂ ਦਾ ਸਾਗ, ਮੱਕੀ ਦੀ ਰੋਟੀ, ਮਖਣੀ, ਲੱਸੀ, ਪਿੰਨੀਆਂ, ਗੁੜ ਵਾਲੀ ਗੱਚਕ, ਮੂਗਫਲੀ, ਚੁਹਾਰੇ, ਗਾਜਰ ਦਾ ਹਲਵਾ ਆਦਿ ਸਰਦੀਆਂ ਦੇ ਮੌਸਮ ਵਿਚ ਘਰਾਂ ਵਿਚ ਆਮ ਹੋ ਜਾਂਦਾ ਹੈ। ਇਸ ਦੇ ਨਾਲ ਹੀ ਵਿਆਹਾਂ ਦਾ ਸੀਜਨ ਹੋਣ ਕਰ ਕੇ ਮਠਿਆਈਆਂ ਦੀ ਬਹੁਤਾਤ ਵੀ ਘਰਾਂ ਵਿਚ ਵੇਖਣ ਨੂੰ ਮਿਲਦੀ ਹੈ। ਦੂਜੀ ਤਰਫ਼ ਠੰਢ ਹੋਣ ਕਾਰਨ ਅਸੀਂ ਅਪਣੇ ਆਪ ਨੂੰ ਅੰਦਰ ਹੀ ਰਜਾਈਆਂ ਵਿਚ ਲੈ ਕੇ ਬੈਠੇ ਰਹਿੰਦੇ ਹਾਂ ਜਿਸ ਨਾਲ ਖ਼ੂਨ ਵਿਚ ਕੈਲਸਟਰੋਲ ਦਾ ਵਧਣਾ, ਬੀਪੀ ਦਾ ਵਧਣਾ ਸ਼ੂਗਰ ਅਤੇ ਹੋਰ ਪਤਾ ਨਹੀਂ ਕਿੰਨੀਆਂ ਬਿਮਾਰੀਆਂ ਹੀ ਸਾਡੇ ਸਰੀਰ ਨੂੰ ਜਕੜਨ ਲਈ ਕੋਸ਼ਿਸ਼ ਕਰਦੀਆਂ ਹਨ।

ਜੋੜਾਂ ਦੇ ਦਰਦ, ਸਿਰ ਦਰਦ, ਅੱਖਾਂ ਦਾ ਭਾਰਾ-ਭਾਰਾ ਰਹਿਣਾ, ਅੰਗ ਪੈਰ ਟੁੱਟਣਾ, ਗਲਾ ਖਰਾਬ, ਖਰਾਸ ਵਰਗੀਆਂ ਬਿਮਾਰੀਆਂ ਤਾਂ ਆਮ ਹੀ ਵੇਖਣ ਨੂੰ ਮਿਲਦੀਆਂ ਹਨ। ਜੇਕਰ ਅਸੀਂ ਚਾਹੁੰਦੇ ਹਾਂ ਕਿ ਸਾਡਾ ਸਰੀਰ ਤਰੋ ਤਾਜ਼ਾ ਅਤੇ ਫਿਟ ਰਹੇ ਤਾਂ ਸਾਨੂੰ ਇਸ ਸਰੀਰ ਦੀ ਮਸ਼ੀਨਰੀ ਵਾਂਗ ਸਰਵਿਸ ਕਰਨੀ ਬਹੁਤ ਲਾਜ਼ਮੀ ਹੈ। ਜੇਕਰ ਜ਼ਿਆਦਾ ਠੰਢ ਹੋਵੇ ਤਾਂ ਘਰਾਂ ਵਿਚ ਕੀਤੀਆਂ ਜਾਣ ਵਾਲੀਆਂ ਐਕਸਰਸਾਈਜਾਂ ਵੀ ਕੀਤੀਆਂ ਜਾ ਸਕਦੀਆਂ ਹਨ। ਸਵੇਰੇ ਸ਼ਾਮ ਮੋਟੇ ਕੱਪੜੇ ਪਾ ਕੇ ਵੀ ਸੈਰ ’ਤੇ ਜਾਇਆ ਜਾ ਸਕਦਾ ਹੈ। ਲੰਮੀ ਸੈਰ ਦੇ ਬਹੁਤ ਫ਼ਾਇਦੇ ਹਨ।

ਲੰਮੀ ਸੈਰ ਕਰਨ ਨਾਲ ਸ਼ੂਗਰ, ਮੋਟਾਪਾ ਅਤੇ ਕੈਲਸਟਰੋਲ ਵਰਗੀਆਂ ਭਿਆਨਕ ਬਿਮਾਰੀਆਂ ਸਾਡੇ ਸਰੀਰ ਵਿਚੋਂ ਬਿਲਕੁਲ ਖ਼ਤਮ ਹੋ ਜਾਂਦੀਆਂ ਹਨ।

ਸਾਡਾ ਸਾਰਾ ਸਰੀਰ ਪੂਰਾ ਦਿਨ ਤਰੋ ਤਾਜ਼ਾ ਰਹਿੰਦਾ ਹੈ ਅਤੇ ਸਾਡੇ ਮੂੰਹ ਤੇ ਹੁਣ ਮੁਸਕਰਾਹਟ ਝਲਕਦੀ ਹੈ।

ਤੁਰਨ ਫਿਰਰ ਨਾਲ ਸਾਡੇ ਜੋੜ ਵੀ ਚੰਗੀ ਤਰ੍ਹਾਂ ਕੰਮ ਕਰਨਾ ਸ਼ੁਰੂ ਕਰ ਦਿੰਦੇ ਹਨ ਅਤੇ ਗੋਡਿਆਂ ਗਿੱਟਿਆਂ ਦੇ ਜੋੜਾਂ ਵਿਚੋਂ ਦਰਦ ਖ਼ਤਮ ਹੋ ਜਾਂਦਾ ਹੈ। ਮੋਟਾਪੇ ਦੇ ਖ਼ਤਮ ਹੋਣ ਨਾਲ ਬਹੁਤੀਆਂ ਬਿਮਾਰੀਆਂ ਜਿਹੜੀਆਂ ਅਸੀਂ ਅਪਣੇ ਆਪ ਨੂੰ ਖ਼ੁਦ ਸਹੇੜਦੇ ਹਾਂ ਅਪਣੇ ਆਪ ਹੀ ਚਲੀਆ ਜਾਂਦੀਆਂ ਹਨ। ਸਵੇਰ ਦੀ ਲੰਮੀ ਸੈਰ ਆਲਸ ਨੂੰ ਵੀ ਦੂਰ ਕਰਦੀ ਹੈ। ਸਵੇਰ ਦੀ ਲੰਮੀ ਸੈਰ ਸਾਡੇ ਸਰੀਰ ਵਿਚ ਆਕਸੀਜਨ ਦੀ ਕਮੀ ਨੂੰ ਪੂਰਾ ਕਰਦੀ ਹੈ ਜਿਸ ਨਾਲ ਸਾਡੇ ਫੇਫੜੇ, ਦਿਲ ਚੰਗੀ ਤਰ੍ਹਾਂ ਕੰਮ ਕਰਨਾ ਸ਼ੁਰੂ ਕਰਦੇ ਹਨ। ਸਾਡੇ ਸਰੀਰ ਦੀ ਇਮਿਊਨਿਟੀ ਪਾਵਰ ਵਧਨ ਕਾਰਨ ਬਹੁਤੀਆਂ ਬਿਮਾਰੀਆਂ ਦੇ ਨਾਲ ਲੜਨ ਦੀ ਤਾਕਤ ਸਾਡਾ ਸਰੀਰ ਖ਼ੁਦ ਪੈਦਾ ਕਰ ਲੈਂਦਾ ਹੈ।

## ਬਾਲ ਸ਼ਰਵਣ ਸਿੰਘ ਨੂੰ ਮਿਲਿਆ ਕੌਮੀ ਪੁਰਸਕਾਰ



ਨਵੀਂ ਦਿੱਲੀ ਵਿੱਚ ਹੋਏ ਸਮਾਗਮ ਦੌਰਾਨ ਰਾਸ਼ਟਰਪਤੀ ਤੋਂ ਕੌਮੀ ਪੁਰਸਕਾਰ ਮਿਲਣ ਮਗਰੋਂ ਸ਼ਰਵਣ ਸਿੰਘ ਅੱਜ ਆਪਣੇ ਪਿੰਡ ਪੁੱਜਾ।

ਇਸੇ ਦੌਰਾਨ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂ ਵੀ ਸ਼ਰਵਣ ਦੇ ਘਰ ਪੁੱਜੇ। ਜ਼ਿਕਰਯੋਗ ਹੈ ਕਿ ਭਾਰਤ-ਪਾਕਿਸਤਾਨ ਸਰਹੱਦ ਦੇ ਨੇੜੇ ਪੈਂਦੇ ਪਿੰਡ ਚੱਕ ਘੁਬਾਈ ਉਰਫ਼ ਤਰਾਂ ਵਾਲਾ ਦੇ ਦਸ ਸਾਲਾ ਸ਼ਰਵਣ ਸਿੰਘ ਨੇ ਅਪਰੇਸ਼ਨ ਸਿੰਧੂਰ ਦੌਰਾਨ ਭਾਰਤੀ ਫ਼ੌਜੀਆਂ ਨੂੰ ਰੋਟੀ, ਦੁੱਧ, ਚਾਹ, ਲੱਸੀ ਅਤੇ ਪਾਣੀ ਆਦਿ ਦੀ ਮਦਦ ਪੁੱਜਦੀ ਕੀਤੀ ਸੀ।

ਇਸ ਕਰ ਕੇ ਕਿਸਾਨ ਪਰਿਵਾਰ ਨਾਲ ਸਬੰਧਤ ਸ਼ਰਵਣ ਸਿੰਘ ਨੂੰ ਰਾਸ਼ਟਰਪਤੀ ਨੇ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਨਾਲ ਸਨਮਾਨ ਕੀਤਾ ਹੈ।


A CREATIVE DESIGN & PRINT SOURCE

ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ
ਵਿਆਹ-ਸ਼ਾਦੀਆਂ ਦੇ ਕਾਰਡ

DESIGN 360
GRAPHICS & PROMOTIONS INC.
.... create a new

GRAPHIC DESIGNING
PRODUCT PHOTOGRAPHY
OFFSET / DIGITAL PRINTING
SIGNAGES DISPLAYS

CONTACT: AMANDEEP SINGH
604 590 0066 / 604 317 8750
#1 13415 76 AVE. SURREY

# ਸੰਗੀਨ ਮਾਮਲਾ ਹੈ ਕੈਨੇਡਾ ’ਚ ਵਿਦਿਆਰਥੀਆਂ ਦੀਆਂ ਹੱਤਿਆਵਾਂ

ਟੋਰਾਂਟੋ (ਕੈਨੇਡਾ) ਵਿਚ ਇਕ ਹਫ਼ਤੇ ਦੌਰਾਨ ਦੋ ਭਾਰਤੀ ਵਿਦਿਆਰਥੀਆਂ ਦੀਆਂ ਹੱਤਿਆਵਾਂ ਹੌਲਨਾਕ ਵਰਤਾਰਾ ਹੈ। 20 ਵਰ੍ਹਿਆਂ ਦੇ ਸ਼ਿਵੰਕ ਅਵਸਥੀ ਦੀ ਗੋਲੀ ਨਾਲ ਹੱਤਿਆ ਦਾ ਮਾਮਲਾ ਬੁੱਧਵਾਰ (25 ਦਸੰਬਰ) ਨੂੰ ਸਾਹਮਣੇ ਆਇਆ ਜਦੋਂ ਕਿ ਹਿਮਾਂਸ਼ੀ ਖੁਰਾਣਾ (30) ਦੀ ਹੱਤਿਆ ਦਾ ਪਤਾ 20 ਦਸੰਬਰ ਨੂੰ ਲੱਗਿਆ ਸੀ। ਸ਼ਿਵੰਕ ਯੂਨੀਵਰਸਿਟੀ ਆਫ਼ ਟੋਰਾਂਟੋ ਦੇ ਸਕਾਰਬਰੋ ਕੈਂਪਸ ਵਿਚ ਪੀਐੱਚ.ਡੀ. ਦਾ ਵਿਦਿਆਰਥੀ ਸੀ।




ਉਸ ਦੀ ਦੇਹ ਸਕਾਰਬਰੋ ਕੈਂਪਸ ਵਲ ਜਾਂਦੀ ਇਕ ਸੜਕ ਤੋਂ ਮਿਲੀ। ਹਿਮਾਂਸ਼ੀ ਬਾਰੇ ਕਿਹਾ ਜਾਂਦਾ ਹੈ ਕਿ ਉਸ ਦੀ ਹੱਤਿਆ ਉਸ ਦੇ ਜਾਣਕਾਰ ਅਬਦੁਲ ਗ਼ਫੂਰੀ ਨੇ ਕੀਤੀ, ਪਰ ਉਸ ਨੂੰ ਵੀ ਪੁਲੀਸ ਗ੍ਰਿਫ਼ਤਾਰ ਨਹੀਂ ਕਰ ਸਕੀ।

ਅਜਿਹੀਆਂ ਘਟਨਾਵਾਂ ਤੋਂ ਭਾਰਤੀ ਵਿਦਿਆਰਥੀਆਂ ਦੇ ਭਾਰਤ ਵਿਚ ਰਹਿੰਦੇ ਮਾਪਿਆਂ ਜਾਂ ਹੋਰਨਾਂ ਸਕੇ ਸਬੰਧੀਆਂ ਦਾ ਫ਼ਿਕਰਮੰਦ ਹੋਣਾ ਸੁਭਾਵਿਕ ਹੀ ਹੈ। ਇਕ ਦਹਾਕਾ ਪਹਿਲਾਂ ਤਕ ਕੈਨੇਡਾ, ਪੱਛਮ ਦੇ ਸਭ ਤੋਂ ਸੁਰੱਖਿਅਤ ਅਤੇ ਕਾਨੂੰਨ ਦੇ ਰਾਜ ਵਾਲੇ ਮੁਲਕਾਂ ਵਿਚ ਸ਼ੁਮਾਰ ਹੁੰਦਾ ਸੀ। ਹੁਣ ਇਹ ਅਕਸ ਤਿੜਕ ਚੁੱਕਾ ਹੈ। ਹੋਰਨਾਂ ਮੁਲਕਾਂ ਦੇ ਵਿਦਿਆਰਥੀਆਂ ਜਾਂ ਨਾਗਰਿਕਾਂ ਵਲੋਂ ਕੈਨੇਡਾ ਵਿਚ ਜਾਨਾਂ ਗੁਆਉਣ ਦੇ ਮਾਮਲੇ ਅਕਸਰ ਵਾਪਰਦੇ ਰਹਿੰਦੇ ਹਨ, ਪਰ ਭਾਰਤੀ, ਖ਼ਾਸ ਕਰ ਕੇ ਪੰਜਾਬੀ, ਵਿਦਿਆਰਥੀਆਂ ਦੇ ਕਤਲਾਂ ਦੇ ਮਾਮਲੇ ਅਪਣੀ ਗਿਣਤੀ ਤੇ ਲਗਾਤਾਰਤਾ ਕਾਰਨ ਮੀਡੀਆ ਦੀਆਂ ਸੁਰਖ਼ੀਆਂ ਦਾ ਵਿਸ਼ਾ ਨਿਰੰਤਰ ਬਣਦੇ ਆਏ ਹਨ। ਅਜੇ ਇਕ ਕਤਲ ਬਾਰੇ ਚਰਚਾ ਮੱਠੀ ਨਹੀਂ ਪਈ ਹੁੰਦੀ ਕਿ ਨਵਾਂ ਮਾਮਲਾ ਸਾਹਮਣੇ ਆ ਜਾਂਦਾ ਹੈ।

ਤਾਨੀਆ ਤਿਆਗੀ, ਧਰਮੇਸ਼ ਕਠੀਰੀਆ, ਹਰਸਿਮਰਤ ਕੌਰ ਰੰਧਾਵਾ ਤੇ ਵੰਸ਼ਿਕਾ ਸੈਣੀ ਉਹ ਨਾਮ ਹਨ ਜੋ ਸ਼ਿਵੰਕ ਜਾਂ ਹਿਮਾਂਸ਼ੀ ਤੋਂ ਪਹਿਲਾਂ ਪਿਛਲੇ ਅੱਠ ਮਹੀਨਿਆਂ ਦੌਰਾਨ ਹੱਤਿਆਰਿਆਂ ਦੀਆਂ ਗੋਲੀਆਂ ਦਾ ਸ਼ਿਕਾਰ ਬਣੇ। ਇਨ੍ਹਾਂ ਵਿਚੋਂ ਬਹੁਤੇ ਮਾਮਲਿਆਂ ਵਿਚ ਕੈਨੇਡੀਅਨ ਪੁਲੀਸ ਬਲ, ਹੱਤਿਆਰਿਆਂ ਦਾ ਸੁਰਾਗ਼ ਲਾਉਣ ਜਾਂ ਉਨ੍ਹਾਂ ਨੂੰ ਕਾਬੂ ਕਰਨ ਵਿਚ ਨਾਕਾਮ ਰਹੇ ਹਨ। ਅਜਿਹਾ ਵਰਤਾਰਾ ਖ਼ੌਫ਼ ਤਾਂ ਪੈਦਾ ਕਰਦਾ ਹੀ ਹੈ, ਪੁਲੀਸ ਬਲਾਂ ਜਾਂ ਸੂਹੀਆ ਏਜੰਸੀਆਂ ਦੀ ਕਾਬਲੀਅਤ ਪ੍ਰਤੀ ਸ਼ੱਕ-ਸ਼ੁਬਹੇ ਵੀ ਵੱਧ ਉਭਾਰਦਾ ਹੈ।

ਕੈਨੇਡੀਅਨ ਅਧਿਕਾਰੀ ਇਸ ਸੋਚ ਜਾਂ ਪ੍ਰਚਾਰ ਨੂੰ ਗ਼ਲਤ ਦੱਸਦੇ ਹਨ ਕਿ ਕੈਨੇਡਾ, ਕੌਮਾਂਤਰੀ ਵਿਦਿਆਰਥੀਆਂ ਲਈ ਸੁਰੱਖਿਅਤ ਨਹੀਂ। ਉਨ੍ਹਾਂ ਦਾ ਦਾਅਵਾ ਹੈ ਕਿ ਕੌਮਾਂਤਰੀ ਵਿਦਿਆਰਥੀਆਂ ਵਿਰੁੱਧ ਹਿੰਸਾ ਦੇ ਮਾਮਲੇ ਹਿੰਸਕ ਹੱਤਿਆਵਾਂ ਦੇ ਹੋਰਨਾਂ ਮਾਮਲਿਆਂ ਦੇ ਅਨੁਪਾਤ ਵਿਚ ਕਾਫ਼ੀ ਘੱਟ ਹਨ। ਇਸ ਤੱਥ ਦੇ ਬਾਵਜੂਦ ਵਿਦੇਸ਼ੀ ਮੀਡੀਆ, ਖ਼ਾਸ ਕਰ ਕੇ ਭਾਰਤੀ ਮੀਡੀਆ, ਹਰ ਮਾਮਲੇ ਨੂੰ ਏਨਾ ਜ਼ਿਆਦਾ ਉਛਾਲਦਾ ਹੈ ਕਿ ਕੈਨੇਡਾ ਦੇ ਸੁਰੱਖਿਅਤ ਮੁਲਕ ਵਾਲੇ ਅਕਸ ਨੂੰ ਖ਼ੋਰਾ ਲੱਗਦਾ ਜਾ ਰਿਹਾ ਹੈ। ਅਧਿਕਾਰੀਆਂ ਦੀ ਅਜਿਹੀ ਸੋਚ ਤੋਂ ਉਲਟ ਗ਼ੈਰ-ਗੋਰੇ ਲੋਕਾਂ ਅੰਦਰ ਇਹ ਪ੍ਰਭਾਵ ਆਮ ਹੀ ਹੈ ਕਿ ਕੈਨੇਡਾ ਵਿਚ ਅਪਰਾਧੀਆਂ ਦੇ ਹੱਕਾਂ ਨੂੰ ਪੀੜਤਾਂ ਦੇ ਹੱਕਾਂ ਨਾਲੋਂ ਜ਼ਿਆਦਾ ਅਹਿਮੀਅਤ ਦਿੱਤੀ ਜਾਂਦੀ ਹੈ। ਇਸੇ ਕਾਰਨ ਅਪਰਾਧੀ ਅਨਸਰ ਸੰਗੀਨਤਰੀਨ ਮਾਮਲਿਆਂ ਵਿਚ ਵੀ ਸਹਿਜੇ ਹੀ ਜ਼ਮਾਨਤ ’ਤੇ ਰਿਹਾਅ ਹੋ ਜਾਂਦੇ ਹਨ। ਮੁਕੱਦਮਿਆਂ ਦੇ ਨਿਪਟਾਰੇ ਵਿਚ ਦੇਰੀ ਅਤੇ ਨਿਆਂਇਕ ਅਧਿਕਾਰੀਆਂ ਵਲੋਂ ਆਪਣੇ ਫ਼ੈਸਲਿਆਂ ਵਿਚ ਦਿਖਾਇਆ ਜਾਂਦਾ ਨਸਲੀ ਭੇਦਭਾਵ ਵੀ ਕੈਨੇਡੀਅਨ ਅਦਾਲਤੀ ਨਿਜ਼ਾਮ ਬਾਰੇ ਸ਼ੱਕ-ਸ਼ੁਬਹੇ ਵਧਾਉਂਦਾ ਜਾ ਰਿਹਾ ਹੈ।

ਕੈਨੇਡੀਅਨ ਸੁਪਰੀਮ ਕੋਰਟ ਨੇ ਕਤਲ ਦਾ ਮੁਕੱਦਮਾ 30 ਮਹੀਨਿਆਂ ਵਿਚ ਨਿਬੇੜਨ ਦੀ ਹੱਦ ਮਿਥੀ ਹੋਈ ਹੈ, ਪਰ ਇਸ ਹੱਦ ਦੀ ਉਲੰਘਣਾ ਵੱਧ ਹੋ ਰਹੀ ਹੈ, ਪਾਲਣਾ ਘੱਟ। ਇਸ ਦਾ ਲਾਭ ਅਪਰਾਧੀ ਅਨਸਰਾਂ ਨੂੰ ਹੋ ਰਿਹਾ ਹੈ। ਕੈਨੇਡਾ ਵਿਚ ਇਸ ਵੇਲੇ 12 ਲੱਖ ਤੋਂ ਵੱਧ ਵਿਦੇਸ਼ੀ ਵਿਦਿਆਰਥੀ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਧ ਤਾਦਾਦ (ਚਾਰ ਲੱਖ) ਭਾਰਤੀਆਂ, ਖ਼ਾਸ ਕਰ ਕੇ ਪੰਜਾਬੀਆਂ ਦੀ ਹੈ। ਇਹ ਵਿਦਿਆਰਥੀ ਵਰਗ ਕਈ ਦੁਸ਼ਵਾਰੀਆਂ ਝੱਲ ਰਿਹਾ ਹੈ। ਇਨ੍ਹਾਂ ਵਿਚ ਆਰਥਿਕ ਮੰਦਹਾਲੀ ਕਾਰਨ ਵੱਧ ਕੰਮ ਕਰਨ ਲਈ ਮਜਬੂਰ ਹੋਣਾ, ਜੋਖ਼ਿਮ-ਭਰੇ ਕੰਮ ਕਰਨਾ, ਗ਼ਰੀਬ ਬਸਤੀਆਂ ਜਾਂ ਅਪਰਾਧੀ ਅਨਸਰਾਂ ਦੀ ਬਹੁਤਾਤ ਵਾਲੇ ਇਲਾਕਿਆਂ ਵਿਚ ਕਮਰੇ ਕਿਰਾਏ ’ਤੇ ਲੈਣੇ, ਇਕੱਲਤਾ ਅਤੇ ਅਪਣਿਆਂ ਤੋਂ ਦੂਰ ਹੋਣ ਦੇ ਅਹਿਸਾਸ ਨਾਲ ਲਗਾਤਾਰ ਲੜਨ ਵਰਗੀਆਂ ਵਿਸ਼ਮਤਾਵਾਂ ਸ਼ਾਮਲ ਹਨ। ਕਦੇ ਕੈਨੇਡੀਅਨ ਪੰਜਾਬੀ ਭਾਈਚਾਰਾ ਨਿਆਸਰਿਆਂ ਦਾ ਆਸਰਾ ਬਣਨ ਲਈ ਜਾਣਿਆ ਜਾਂਦਾ ਸੀ, ਪਰ ਹੁਣ ਕੈਨੇਡੀਅਨ ਅਰਥਚਾਰੇ ਦੇ ਨਿਘਾਰ ਕਾਰਨ ਉਸ ਦਾ ਰੁਖ਼ ਵੀ ਉਦਾਸੀਨਤਾ ਵਾਲਾ ਹੈ।

ਉਪਰੋਂ ਗਰੋਹੀ ਹਿੰਸਾ ਅਤੇ ਜਬਰੀ ਵਸੂਲੀਆਂ ਵਰਗੇ ਅਪਰਾਧਾਂ ਦੀ ਗਿਣਤੀ ਵਿਚ ਨਿਰੰਤਰ ਇਜ਼ਾਫ਼ੇ ਨੇ ਵੀ ਪੰਜਾਬੀ ਭਾਈਚਾਰੇ ਇਹਤਿਆਤ ਵਰਤਣ ਦੇ ਰਾਹ ਪਾਇਆ ਹੋਇਆ ਹੈ। ਅਜਿਹੇ ਆਲਮ ਵਿਚ ਜ਼ਰੂਰੀ ਹੈ ਕਿ ਭਾਰਤੀ ਵਿਦਿਆਰਥੀ ਵੀ ‘ਬਚਾਓ ਵਿਚ ਹੀ ਬਚਾਓ’ ਵਾਲੇ ਗੁਰਮੰਤਰ ਦਾ ਪਾਲਣ ਕਰਨ। ਕੈਨੇਡਾ ਸਥਿਤ ਭਾਰਤੀ ਸਫ਼ਾਰਤੀ ਅਧਿਕਾਰੀ, ਸੰਕਟ ਦੀ ਘੜੀ ਵਿਚ ਮਦਦਗਾਰ ਅਵੱਸ਼ ਹੋ ਸਕਦੇ ਹਨ, ਸਥਾਈ ਸੁਰੱਖਿਆ ਛਤਰ ਨਹੀਂ ਬਣ ਸਕਦੇ। ਕੈਨੇਡਾ ਹੁਣ ਸੁਪਨ ਭੂਮੀ ਨਹੀਂ ਰਿਹਾ, ਇਹ ਅਸਲੀਅਤ ਹੁਣ ਸਪਸ਼ਟ ਹੈ। ਲਿਹਾਜ਼ਾ, ਉੱਥੇ ਜਾ ਵੱਸਣ ਦੇ ਚਾਹਵਾਨਾਂ ਜਾਂ ਉਨ੍ਹਾਂ ਦੇ ਮਾਪਿਆਂ ਨੂੰ ਉਪਰੋਕਤ ਅਸਲੀਅਤ ਵਿਸਾਰਨੀ ਜਾਂ ਨਜ਼ਰਅੰਦਾਜ਼ ਨਹੀਂ ਕਰਨੀ ਚਾਹੀਦੀ।


STAR AUTOBODY

ICBC c.a.r. shop VALET
Accredited Collision Repairs & Valet Service

ICBC Glass EXPRESS



SPECIALIZE
- All vehicles any make or model
- Commercial Trucks, any make or model

CERTIFIED
- ICBC CARSHOP Valet Express Shop with certified technicians and equipment
- ICBC Glass Express
- Private Insurance Companies

SERVICE
Open Monday-Saturday - 8 am to 6 pm
- Courtesy Cars
- Vehicle pick-up and drop-off

*We handle private insurance claims:*
family insurance · intact · canadian direct insurance · economical insurance · CNS · RSA

**604-597-5151**
*8277-124th St., Surrey, BC V3W 9G2*
*Ph: 604-597-5151 / Fax: 604-597-5195*
*www.startautobody.net*

# ਸਿੱਖ ਜਗਤ ਲਈ ਉਥਲ-ਪੁਥਲ ਵਾਲਾ ਰਿਹਾ '2025 ਦਾ ਵਰ੍ਹਾ'

**ਅੰਮ੍ਰਿਤਸਰ**: ਬੀਤ ਰਿਹਾ ਵਰ੍ਹਾ '2025' ਸਿੱਖ ਜਗਤ ਅਤੇ ਸਿੱਖ ਸੰਸਥਾਵਾਂ ਲਈ ਚੁਣੌਤੀਆਂ ਤੇ ਉਥਲ-ਪੁਥਲ ਵਾਲਾ ਰਿਹਾ ਹੈ। ਇਸ ਵਰ੍ਹੇ ਸ਼੍ਰੋਮਣੀ ਕਮੇਟੀ ਵਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੂੰ ਉਨ੍ਹਾਂ ਦੀਆਂ ਧਾਰਮਿਕ ਪਦਵੀਆਂ ਤੋਂ ਫਾਰਗ ਕੀਤੇ ਜਾਣ ਨੇ ਸਿੱਖ ਪੰਥ ਨੂੰ ਹੈਰਾਨ ਕਰ ਦਿੱਤਾ। ਕੁਝ ਹਫਤੇ ਪਹਿਲਾਂ 350 ਸਾਲਾ ਸ਼ਤਾਬਦੀ ਦੌਰਾਨ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਦੇ ਲੰਬੀ ਛੁੱਟੀ 'ਤੇ ਜਾਣ ਦੀ ਵੀ ਪੰਥਕ ਸਫ਼ਾਂ ਵਿਚ ਖਾਸੀ ਚਰਚਾ ਰਹੀ। ਅਗਸਤ ਮਹੀਨੇ ਦੌਰਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਿਚੋਂ ਨਾਰਾਜ਼ ਹੋਏ ਕਈ ਸੀਨੀਅਰ ਟਕਸਾਲੀ ਅਕਾਲੀ ਆਗੂਆਂ ਵਲੋਂ ਅਕਾਲ ਤਖ਼ਤ ਸਾਹਿਬ ਵਲੋਂ ਗਠਿਤ ਭਰਤੀ ਕਮੇਟੀ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੀ ਅੰਮ੍ਰਿਸਰ ਵਿਖੇ ਸਥਾਪਨਾ ਕੀਤੀ ਗਈ, ਜਿਸ ਦੇ ਪਹਿਲੇ ਪ੍ਰਧਾਨ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਬਣਾਇਆ ਗਿਆ। ਇਸੇ ਸਾਲ ਹੀ ਮਾਰਚ ਮਹੀਨੇ ਸ਼੍ਰੋਮਣੀ ਕਮੇਟੀ ਵਲੋਂ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਤੇ ਬਾਬਾ ਟੇਕ ਸਿੰਘ ਧਨੌਲਾ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਨਿਯੁਕਤ ਕੀਤੇ ਗਏ, ਹਾਲਾਂਕਿ ਜਥੇਦਾਰ ਗੜਗੱਜ ਦੇ ਸੇਵਾ ਸੰਭਾਲ ਦੀ ਰਸਮ ਨੂੰ ਲੈ ਕੇ ਕਾਫੀ ਵਿਵਾਦ ਵੀ ਉੱਠਿਆ ਜਿਸ ਕਾਰਨ ਉਨ੍ਹਾਂ ਦੀ ਇਹ ਰਸਮ ਸ਼੍ਰੋਮਣੀ ਕਮੇਟੀ ਨੂੰ ਦੁਬਾਰਾ ਕਰਨੀ ਪਈ। ਫਰਵਰੀ ਮਹੀਨੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵਲੋਂ ਸੱਤ ਮੈਂਬਰੀ ਭਰਤੀ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਦਿੱਤਾ ਅਸਤੀਫਾ ਪੰਥਕ ਹਲਕਿਆਂ ਵਿਚ ਕਾਫੀ ਚਰਚਾ ਦਾ ਵਿਸ਼ਾ ਰਿਹਾ, ਹਾਲਾਂਕਿ ਬਾਅਦ ਵਿਚ ਉਨ੍ਹਾਂ ਆਪਣਾ ਅਸਤੀਫਾ ਵਾਪਸ ਲੈ ਲਿਆ। ਇਸੇ ਸਾਲ ਨਵੰਬਰ ਮਹੀਨੇ ਹੀ ਐਡਵੋਕੇਟ ਧਾਮੀ ਨੂੰ ਸ਼੍ਰੋਮਣੀ ਕਮੇਟੀ ਦਾ ਲਗਾਤਾਰ ਪੰਜਵੀਂ ਵਾਰ ਪ੍ਰਧਾਨ ਚੁਣੇ ਜਾਣ ਦਾ ਵੱਡਾ ਮਾਣ ਵੀ ਪ੍ਰਾਪਤ ਹੋਇਆ। ਨਵੰਬਰ ਮਹੀਨੇ ਗੁਰੂ ਤੇਗ ਬਹਾਦਰ ਸਾਹਿਬ ਤੇ ਉਨ੍ਹਾਂ ਦੇ ਅਨਿੰਨ ਸਿੱਖਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਦੇਸ਼ ਭਰ ਵਿਚ ਉਤਸ਼ਾਹ ਸਹਿਤ



ਮਨਾਈ ਗਈ, ਪਰ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਸ਼ਤਾਬਦੀ ਸਾਂਝੇ ਤੌਰ 'ਤੇ ਮਨਾਉਣ ਦੀ ਥਾਂ ਆਹਮੋ-ਸਾਹਮਣੇ ਰਹੀਆਂ। ਦਿੱਲੀ ਸਿੱਖ ਗੁ: ਕਮੇਟੀ, ਤਖ਼ਤ ਸ੍ਰੀ ਪਟਨਾ ਸਾਹਿਬ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਕਮੇਟੀਆਂ ਵਲੋਂ ਵੀ ਵੱਖੋ ਵੱਖਰੇ ਤੌਰ 'ਤੇ ਸ਼ਹੀਦੀ ਸ਼ਤਾਬਦੀ ਸਮਾਗਮ ਕਰਵਾਏ ਗਏ। ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦਰਮਿਆਨ ਟਕਰਾਅ ਜਾਰੀ ਰਿਹਾ ਅਤੇ ਦੋਵਾਂ ਤਖ਼ਤ ਸਾਹਿਬਾਨ ਤੋਂ ਸਿੰਘ ਸਾਹਿਬਾਨ ਤੇ ਪੰਜ ਪਿਆਰੇ ਸਾਹਿਬਾਨ ਵਲੋਂ ਇਕ ਦੂਜੇ ਨੂੰ ਤਨਖਾਹੀਆ ਕਰਾਰ ਦੇ ਦਿੱਤਾ ਗਿਆ, ਹਾਲਾਂਕਿ ਬਾਅਦ ਵਿਚ ਇਹ ਮਾਮਲਾ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਯਤਨਾਂ ਸਦਕਾ ਹੱਲ ਕਰ ਲਿਆ ਗਿਆ। ਇਸੇ ਸਾਲ ਜਗਦੀਸ਼ ਸਿੰਘ ਝੀਂਡਾ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ। ਇਸ ਵਰ੍ਹੇ ਪੰਜਾਬ ਵਿਚ ਆਏ ਹੜ੍ਹਾਂ ਦੌਰਾਨ ਸ਼੍ਰੋਮਣੀ ਕਮੇਟੀ ਸਮੇਤ ਹੋਰ ਸਿੱਖ ਸੰਸਥਾਵਾਂ ਤੇ ਸਮਾਜ ਸੇਵੀ ਸੰਸਥਾਵਾਂ ਵਲੋਂ ਹੜ੍ਹ ਪੀੜ੍ਹਤਾਂ ਲਈ ਕੀਤੇ ਰਾਹਤ ਕਾਰਜ ਵੀ ਸਰਾਹੁਣਯੋਗ ਰਹੇ। ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲੀ ਮਾਮਲੇ 'ਚ ਸਿੱਖ ਜਗਤ ਨੂੰ ਕੋਈ ਸਫ਼ਲਤਾ ਨਹੀਂ ਮਿਲ ਸਕੀ। ਭਾਰਤ ਸਰਕਾਰ ਵਲੋਂ ਆਪ੍ਰੇਸ਼ਨ ਸੰਧੂਰ ਤੋਂ ਬਾਅਦ ਨਵੰਬਰ ਮਹੀਨੇ ਸਿੱਖ ਜਥੇ ਨੂੰ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਪਾਕਿਸਤਾਨ ਜਾਣ ਦੀ ਪ੍ਰਵਾਨਗੀ ਤਾਂ ਮਿਲ ਗਈ, ਪਰ ਕਰਤਾਰਪੁਰ ਸਾਹਿਬ ਕੋਰੀਡੋਰ ਕੇਂਦਰ ਸਰਕਾਰ ਵਲੋਂ ਅਜੇ ਤੱਕ ਵੀ ਮੁੜ ਨਹੀਂ ਖੋਲ੍ਹਿਆ ਗਿਆ। ਇਸ ਸਾਲ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਸਮੇਤ, ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਦੇ ਆਪਣੀਆਂ ਭੁੱਲਾਂ ਗਲਤੀਆਂ ਲਈ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਣ 'ਤੇ ਧਾਰਮਿਕ ਤਨਖ਼ਾਹਾਂ ਲਗਾਈਆਂ ਗਈਆਂ ਤੇ ਵਲਟੋਹਾ 'ਤੇ ਅਕਾਲੀ ਦਲ ਮੈਂਬਰ ਬਣਨ 'ਤੇ 10 ਸਾਲ ਦੀ ਲੱਗੀ ਪਾਬੰਦੀ ਹਟਾ ਲਈ ਗਈ। ਸਿੱਖ ਸੰਸਥਾ ਚੀਫ਼ ਖ਼ਾਲਸਾ ਦੀਵਾਨ ਦੇ ਗ਼ੈਰ ਅੰਮ੍ਰਿਤਧਾਰੀ ਮੈਂਬਰਾਂ ਦਾ ਮਾਮਲਾ ਵੀ ਅਕਾਲ ਤਖ਼ਤ ਸਾਹਿਬ ਪੁੱਜਾ ਜਿਸ ਸੰਬੰਧੀ ਜਥੇ: ਗੜਗੱਜ ਵਲੋਂ ਅਗਲੀ ਸੁਣਵਾਈ 5 ਜਨਵਰੀ 2026 ਤੈਅ ਕੀਤੀ ਗਈ ਹੈ। ਪੰਜਾਬ ਸਰਕਾਰ ਵਲੋਂ ਸ਼ਹੀਦੀ ਸ਼ਤਾਬਦੀ ਮੌਕੇ ਸ੍ਰੀ ਨਗਰ ਵਿਖੇ ਕਰਵਾਇਆ ਸਭਿਆਚਾਰਕ ਸਮਾਗਮ ਤੇ ਸੈਮੀਨਾਰ ਵੀ ਚਰਚਾ ਵਿਚ ਰਿਹਾ ਤੇ ਕੈਬਨਿਟ ਮੰਤਰੀ ਬੈਂਸ ਤੇ ਭਾਸ਼ਾ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫਰ ਨੂੰ ਧਾਰਮਿਕ ਤਨਖ਼ਾਹ ਭੁਗਤਣੀ ਪਈ। ਮਾਰਚ 'ਚ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਦੌਰਾਨ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਜਥੇਦਾਰਾਂ ਦੀ ਨਿਯੁਕਤੀ ਅਤੇ ਸੇਵਾ ਨਿਯਮਾਂ ਬਣਾਏ ਜਾਣ ਦੀ ਮੰਗ ਨੂੰ ਲੈ ਕੇ ਸੰਗਤਾਂ ਸਮੇਤ ਵਿਰੋਧ ਕਰਨ ਪੁੱਜੇ। ਸੰਨ੍ਹ 2020 ਦਾ 328 ਪਾਵਨ ਸਰੂਪਾਂ ਦਾ ਪੁਰਾਣਾ ਮਾਮਲਾ ਵੀ ਇਸ ਸਾਲ ਉਦੋਂ ਮੁੜ ਚਰਚਾ ਵਿਚ ਆਇਆ ਜਦੋਂ 7 ਦਸੰਬਰ ਨੂੰ ਪੰਜਾਬ ਸਰਕਾਰ ਵਲੋਂ ਇਸ ਮਾਮਲੇ ਵਿਚ ਐੱਫ. ਆਈ. ਆਰ. ਦਰਜ ਕਰਕੇ ਮਾਮਲੇ ਦੀ ਜਾਂਚ ਲਈ ਇਕ 'ਸਿੱਟ' ਵੀ ਬਣਾ ਦਿੱਤੀ ਗਈ। ਪੰਜਾਬ ਸਰਕਾਰ ਵਲੋਂ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਅਵਸਰ 'ਤੇ ਤਿੰਨ ਤਖ਼ਤ ਸਾਹਿਬਾਨ ਵਾਲੇ ਸ਼ਹਿਰਾਂ ਅੰਮ੍ਰਿਸਰ, ਸ੍ਰੀ ਅਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਨੂੰ ਪਵਿੱਤਰ ਸ਼ਹਿਰਾਂ ਦਾ ਦਰਜਾ ਦਿੱਤਾ ਗਿਆ। ਇਸ ਸਾਲ ਸ੍ਰੀ ਦਰਬਾਰ ਸਾਹਿਬ ਵਿਖੇ ਵਿਸਫੋਟਕ ਸਮੱਗਰੀ ਨਾਲ ਧਮਾਕੇ ਕਰਨ ਸੰਬੰਧੀ ਧਮਕੀ ਭਰੀਆਂ ਕਈ ਈਮੇਲ ਵੀ ਸ਼੍ਰੋਮਣੀ ਕਮੇਟੀ ਦਫਤਰ ਨੂੰ ਪ੍ਰਾਪਤ ਹੋਈਆਂ। ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਕਥਿਤ ਦੋਸ਼ ਤਹਿਤ ਜੇਲ੍ਹ ਯਾਤਰਾ ਕਰਨੀ ਪਈ। ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਅਕਾਲ ਤਖ਼ਤ ਸਾਹਿਬ ਸਮੇਤ ਕਈ ਜਥੇਬੰਦੀਆਂ ਵਲੋਂ ਭਾਰਤ ਸਰਕਾਰ ਵਲੋਂ ਐਲਾਨੇ ਵੀਰ ਬਾਲ ਦਿਵਸ ਦਾ ਨਾਂਅ ਬਦਲਣ ਦੀ ਮੰਗ ਇਸ ਸਾਲ ਵੀ ਜਾਰੀ ਰਹੀ। ਨਾਨਕਸ਼ਾਹੀ ਕੈਲੰਡਰ ਵਿਵਾਦ ਇਸ ਸਾਲ ਵੀ ਜਾਰੀ ਰਿਹਾ ਤੇ ਇਸ ਵਰ੍ਹੇ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਜਨਵਰੀ ਅਤੇ ਦਸੰਬਰ ਮਹੀਨੇ ਦੌਰਾਨ ਦੋ ਵਾਰ ਮਨਾਇਆ ਗਿਆ, ਪਰ 27 ਦਸੰਬਰ ਨੂੰ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਵਾਲੇ ਦਿਨ ਹੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਦੂਜੀ ਵਾਰ ਆਉਣ ਕਰਕੇ ਸੰਗਤਾਂ ਨੂੰ ਇਹ ਪ੍ਰਕਾਸ਼ ਪੁਰਬ ਮਨਾਉਣ ਵਿਚ ਕਾਫੀ ਦੁਬਿਧਾ ਦਾ ਸਾਹਮਣਾ ਕਰਨਾ ਪਿਆ।

ਸੁਖਬੀਰ ਸਿੰਘ ਬਾਦਲ ਮੁੜ ਅਕਾਲੀ ਦਲ ਦੇ ਪ੍ਰਧਾਨ ਬਣੇ ਤੇ ਮੈਂਬਰ ਪਾਰਲੀਮੈਂਟ ਭਾਈ ਅੰਮ੍ਰਿਤਪਾਲ ਸਿੰਘ ਖ਼ਾਲਸਾ ਦੀ ਇਸ ਸਾਲ ਵੀ ਡਿਬਰੂਗੜ੍ਹ ਜੇਲ੍ਹ ਵਿਚੋਂ ਰਿਹਾਈ ਨਹੀਂ ਹੋ ਸਕੀ। ਇਸ ਵਰ੍ਹੇ ਦੇ ਸ਼ੁਰੂ ਵਿਚ ਸਾਬਕਾ ਹਜ਼ੂਰੀ ਰਾਗੀ ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਨੂੰ ਕੇਂਦਰ ਸਰਕਾਰ ਵਲੋਂ ਪਦਮ ਸ੍ਰੀ ਸਨਮਾਨ ਪ੍ਰਦਾਨ ਕੀਤਾ ਗਿਆ।





WALKER HOUSE
BRIONI
NOW SELLING
NORTH DELTA'S FLAGSHIP HIGH-RISE COMMUNITY
Soaring 29-storeys above North Delta's skyline, Walker House offers 17,000 SF of amenities and unobstructed sweeping vistas of the Fraser River, North Shore Mountains and urban landscape.
Starting from the mid $400s. Parking included.
BOOK A PRIVATE VIEWING
WalkerHouseDelta.com
BMG REAL ESTATE
BUILDING COMMUNITIES
MARKETING BY
rennie
This is not an offering for sale. Any such offering can only be made with a disclosure statement. Prices are subject to change without notice. The developer reserves the right to make changes and modifications to the information contained herein without prior notice. Artist's renderings are representations only and may not be accurate. E.&O.E.

# ਮਿੱਤਰਾਂ ਨੂੰ ਵੀ ਦੁਸ਼ਮਣ ਬਣਾਉਂਦੇ ਰਹੇ ਟਰੰਪ

ਉਸ ਦੇ ਟੈਰਿਫਾਂ ਦਾ ਭਾਰਤ ਸਮੇਤ ਦੋਸਤਾਂ ਅਤੇ ਦੁਸ਼ਮਣਾਂ, ਦੋਵਾਂ 'ਤੇ ਪ੍ਰਭਾਵ ਪਿਆ। ਬਹੁਤ ਸਾਰੇ ਨੇਤਾ ਵ੍ਹਾਈਟ ਹਾਊਸ ਵੱਲ ਭੱਜੇ ਜਿਨ੍ਹਾਂ ਵਿਚ ਖ਼ਾਸ ਤੌਰ 'ਤੇ ਕੈਨੇਡਾ ਅਤੇ ਮੈਕਸੀਕੋ ਗੁਆਂਢੀ ਦੇਸ਼ ਸ਼ਾਮਲ ਹਨ। ਅਮਰੀਕੀ ਉਤਪਾਦਾਂ 'ਤੇ ਸਸਤੇ ਟੈਰਿਫ ਅਤੇ ਨਵੇਂ ਖੇਤਰਾਂ ਵਿਚ ਮਾਰਕੀਟ ਪਹੁੰਚ ਦੀ ਪੇਸ਼ਕਸ਼ ਕੀਤੀ।



ਗਲੋਬਲ ਸਾਊਥ ਵਿਕਾਸਸ਼ੀਲ ਦੇਸ਼ਾਂ ਲਈ ਇਕ ਭੂ-ਰਾਜਨੀਤਕ ਅਤੇ ਆਰਥਿਕ ਵਰਗੀਕਰਨ ਹੈ ਜੋ ਮਹੱਤਵਪੂਰਨ ਪ੍ਰਸੰਗਿਕਤਾ ਪ੍ਰਾਪਤ ਕਰ ਰਿਹਾ ਹੈ ਕਿਉਂਕਿ ਇਹ ਦੇਸ਼ ਸਮੂਹਿਕ ਤੌਰ 'ਤੇ ਬਹੁ-ਧਰੁਵੀ ਵਿਸ਼ਵ ਵਿਵਸਥਾ ਦੀ ਤਬਦੀਲੀ ਵਿਚ ਆਪਣਾ ਪ੍ਰਭਾਵ ਜਤਾਉਂਦੇ ਹਨ।

ਗਲੋਬਲ ਸਾਊਥ ਵੱਲੋਂ ਆਪਣੀ ਵਧਦੀ ਸਾਰਥਕਤਾ ਅਤੇ ਮਹੱਤਤਾ ਦੇ ਜੋਸ਼ੀਲੇ ਦਾਅਵਿਆਂ ਦੇ ਬਾਵਜੂਦ ਰਣਨੀਤਕ ਟ੍ਰਾਂਜ਼ੈਕਸ਼ਨਲ ਪ੍ਰਬੰਧਾਂ ਨੂੰ ਅਪਣਾਉਣ ਦੇ ਐਨੀਮੇਟਡ ਦੁਹਰਾਅ ਦੇ ਬਾਵਜੂਦ 2025 ਵਿਚ ਡੋਨਾਲਡ ਟਰੰਪ ਦੁਆਰਾ ਪ੍ਰਭਾਵਿਤ ਹੋਇਆ। ਉਹ ਜ਼ਿਆਦਾਤਰ ਅਨੁਮਾਨਾਂ ਨੂੰ ਟਾਲਦੇ ਹੋਏ ਭਾਰੀ ਜਿੱਤ ਤੋਂ ਬਾਅਦ ਆਪਣੀ ਦੂਜੀ ਪਾਰੀ ਲਈ ਵ੍ਹਾਈਟ ਹਾਊਸ ਵਿਚ ਦਾਖ਼ਲ ਹੋਇਆ। ਟਰੰਪ ਨੇ ਸੰਯੁਕਤ ਰਾਜ ਅਮਰੀਕਾ ਦੇ ਸੁਨਹਿਰੀ ਯੁੱਗ ਦੀ ਸ਼ੁਰੂਆਤ ਕੀਤੀ- ਉੱਭਰਦੀ ਅਰਥ-ਵਿਵਸਥਾ, ਸਭ ਤੋਂ ਘੱਟ ਬੇਰੁਜ਼ਗਾਰੀ, ਸਭ ਤੋਂ ਘੱਟ ਮਹਿੰਗਾਈ, ਟੈਰਿਫਾਂ ਤੋਂ ਖਰਬਾਂ ਡਾਲਰ ਆਉਣਾ, ਹਜ਼ਾਰਾਂ ਪਰਵਾਸੀਆਂ ਨੂੰ ਦੇਸ਼ ਨਿਕਾਲਾ ਅਤੇ ਕਈ ਦੇਸ਼ਾਂ ਤੋਂ ਕੋਈ ਪ੍ਰਵੇਸ਼ ਨਹੀਂ ਆਦਿ ਦਾਅਵੇ ਕੀਤੇ।

ਉਸ ਦੇ ਟੈਰਿਫਾਂ ਦਾ ਭਾਰਤ ਸਮੇਤ ਦੋਸਤਾਂ ਅਤੇ ਦੁਸ਼ਮਣਾਂ, ਦੋਵਾਂ 'ਤੇ ਪ੍ਰਭਾਵ ਪਿਆ। ਬਹੁਤ ਸਾਰੇ ਨੇਤਾ ਵ੍ਹਾਈਟ ਹਾਊਸ ਵੱਲ ਭੱਜੇ ਜਿਨ੍ਹਾਂ ਵਿਚ ਖ਼ਾਸ ਤੌਰ 'ਤੇ ਕੈਨੇਡਾ ਅਤੇ ਮੈਕਸੀਕੋ ਗੁਆਂਢੀ ਦੇਸ਼ ਸ਼ਾਮਲ ਹਨ। ਅਮਰੀਕੀ ਉਤਪਾਦਾਂ 'ਤੇ ਸਸਤੇ ਟੈਰਿਫ ਅਤੇ ਨਵੇਂ ਖੇਤਰਾਂ ਵਿਚ ਮਾਰਕੀਟ ਪਹੁੰਚ ਦੀ ਪੇਸ਼ਕਸ਼ ਕੀਤੀ।

ਭਾਰਤ, ਜੋ ਕਿ 50% ਦੇ ਸਭ ਤੋਂ ਵੱਧ ਟੈਕਸ ਦਾ ਸਾਹਮਣਾ ਕਰ ਰਿਹਾ ਹੈ, ਜਿਸ ਵਿਚ ਛੋਟ ਵਾਲੇ ਰੂਸੀ ਤੇਲ ਨੂੰ ਅਯਾਤ ਕਰਨ ਲਈ 25% ਜੁਰਮਾਨਾ ਸ਼ਾਮਲ ਹੈ, ਉਸ 'ਤੇ ਭਾਰਤ ਅਜੇ ਵੀ ਇਸ ਨੂੰ ਅਨੁਕੂਲ ਬਣਾਉਣ 'ਤੇ ਗੱਲਬਾਤ ਕਰ ਰਿਹਾ ਹੈ।

ਟਰੰਪ ਸ਼ਾਇਦ ਪਾਕਿਸਤਾਨ ਤੇ ਇਜ਼ਰਾਈਲ ਤੋਂ ਨਾਮਜ਼ਦਗੀਆਂ ਦੇ ਬਾਵਜੂਦ ਨੋਬਲ ਸ਼ਾਂਤੀ ਪੁਰਸਕਾਰ ਤੋਂ ਖੁੰਝ ਗਿਆ ਹੈ। ਉਹ ਮਈ 2025 ਵਿਚ ਭਾਰਤ ਅਤੇ ਪਾਕਿਸਤਾਨ ਵਿਚਕਾਰ ਝੜਪਾਂ ਸਮੇਤ ਅੱਠ ਯੁੱਧਾਂ ਨੂੰ ਰੋਕਣ ਦੇ ਵਾਰ-ਵਾਰ ਦਾਅਵੇ ਕਰਦਾ ਆ ਰਿਹਾ ਹੈ। ਇਹੀ ਨਹੀਂ, ਟਰੰਪ ਇਜ਼ਰਾਈਲ-ਹਮਾਸ ਟਕਰਾਅ, ਰੂਸ-ਯੂਕਰੇਨ ਟਕਰਾਅ ਅਤੇ ਮਿਜ਼ਾਈਲਾਂ ਤੇ ਡਰੋਨਾਂ ਨਾਲ ਪੂਰੀ ਤਰ੍ਹਾਂ ਫੈਲੀ ਇਜ਼ਰਾਈਲ-ਈਰਾਨ ਜੰਗ ਨੂੰ ਰੁਕਵਾਉਣ ਦੇ ਯਤਨ ਕਰਦਾ ਰਿਹਾ। ਉਸ ਨੇ ਫੋਰਡੋ, ਨਤਾਨਜ਼ ਅਤੇ ਇਸਫਾਹਨ ਵਿਖੇ ਤਿੰਨ ਈਰਾਨੀ ਪਰਮਾਣੂ ਟਿਕਾਣਿਆਂ 'ਤੇ ਬੰਬ ਸੁੱਟੇ ਅਤੇ ਉਨ੍ਹਾਂ ਨੂੰ ਤਬਾਹ ਕਰਨ ਦਾ ਦਾਅਵਾ ਕੀਤਾ। ਸ਼ਰਮ ਅਲ ਸ਼ੇਖ ਗਾਜ਼ਾ ਸ਼ਾਂਤੀ ਸੰਮੇਲਨ ਵਿਚ ਐਮਸੀ, ਮੇਜ਼ਬਾਨ ਅਤੇ ਮੁੱਖ ਮਹਿਮਾਨ ਵਜੋਂ ਕੰਮ ਕੀਤਾ, ਇਸ ਤੋਂ ਇਲਾਵਾ ਉਹ ਗਾਜ਼ਾ ਦਾ ਪ੍ਰਬੰਧਨ ਕਰਨ ਲਈ ਇਕ ਅੰਤਰਰਾਸ਼ਟਰੀ ਪਰਿਵਰਤਨਸ਼ੀਲ ਸੁਰੱਖਿਆ ਬਲ ਅਤੇ ਇਕ ਅੰਤਰਰਾਸ਼ਟਰੀ ਸ਼ਾਂਤੀ ਬੋਰਡ ਸਥਾਪਤ ਕਰ ਰਿਹਾ ਹੈ ਜੋ ਪੀਐੱਲਏ ਅਤੇ ਹਮਾਸ ਤੋਂ ਬਿਨਾਂ ਆਪਣੀ ਅਗਵਾਈ ਵਿਚ ਹੈ।

ਓਵਲ ਦਫ਼ਤਰ ਵਿਚ ਸੀਰੀਆ ਦੇ ਨਵੇਂ ਰਾਸ਼ਟਰਪਤੀ ਅਲ ਸ਼ਾਰਾ ਦਾ ਸਵਾਗਤ ਕੀਤਾ ਜਦਕਿ ਸੰਯੁਕਤ ਰਾਜ ਅਮਰੀਕਾ ਨੇ ਪਹਿਲਾਂ ਅਹਿਮਦ ਅਲ-ਸ਼ਾਰਾ ਨੂੰ ਫੜਨ ਲਈ 10 ਮਿਲੀਅਨ ਡਾਲਰ ਦਾ ਇਨਾਮ ਰੱਖਿਆ ਸੀ ਜਿਸ ਨੂੰ ਦਸੰਬਰ 2024 ਵਿਚ ਕੂਟਨੀਤਕ ਮੀਟਿੰਗਾਂ ਤੋਂ ਬਾਅਦ ਹਟਾ ਦਿੱਤਾ ਗਿਆ ਸੀ। ਉਸ ਦੀ ਨਿੱਜੀ ਜਾਇਦਾਦ ਜਨਤਕ ਤੌਰ 'ਤੇ ਉਪਲਬਧ ਨਹੀਂ ਹੈ ਪਰ ਉਹ ਅੰਤਰਿਮ ਰਾਸ਼ਟਰਪਤੀ ਬਣਨ ਤੋਂ ਬਾਅਦ ਸੀਰੀਆ ਦੀ ਆਰਥਿਕਤਾ ਨਾਲ ਸਬੰਧਤ ਮਹੱਤਵਪੂਰਨ ਫੰਡਾਂ ਦੇ ਪ੍ਰਬੰਧਨ ਵਿਚ ਸ਼ਾਮਲ ਰਿਹਾ ਹੈ।

ਇਸ ਦੇ ਨਾਲ ਹੀ ਓਵਲ ਦਫ਼ਤਰ ਵਿਚ ਯੂਕਰੇਨੀ ਰਾਸ਼ਟਰਪਤੀ ਜ਼ੇਲੈਂਸਕੀ ਨੂੰ ਬੇਇੱਜ਼ਤ ਕੀਤਾ ਗਿਆ, ਯੂਕਰੇਨ 'ਤੇ ਦੁਰਲਭ ਧਰਤੀ ਹੇਠਲੇ ਖਣਿਜਾਂ 'ਤੇ ਇਕ ਸਮਝੌਤੇ 'ਤੇ ਦਸਤਖ਼ਤ ਕਰਨ ਲਈ ਦਬਾਅ ਪਾਇਆ ਅਤੇ ਰੂਸ ਨੂੰ ਰਿਆਇਤਾਂ ਦੇਣ ਲਈ ਜ਼ੋਰ ਪਾਇਆ ਜਿਸ ਬਾਬਤ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਉਹ ਅਗਸਤ ਵਿਚ ਐਂਕਰੇਜ, ਅਲਾਸਕਾ ਵਿਚ ਮਿਲਿਆ ਸੀ ਪਰ ਰੂਸੀ ਰਾਸ਼ਟਰਪਤੀ ਨੂੰ ਜੰਗਬੰਦੀ ਸਮਝੌਤੇ 'ਤੇ ਦਸਤਖ਼ਤ ਕਰਨ ਲਈ ਮਨਾਉਣ ਵਿਚ ਅਸਫਲ ਰਿਹਾ। ਉਸ ਨੇ ਨਾਟੋ ਅਤੇ ਯੂਰਪੀ ਸੰਘ ਦੇ ਨੇਤਾਵਾਂ ਨੂੰ ਕਮਜ਼ੋਰ ਅਤੇ ਚੁਣੌਤੀਆਂ ਨਾਲ ਨਜਿੱਠਣ ਦੇ ਅਯੋਗ ਦੱਸਿਆ।

ਉਹ ਟੈਰਿਫ ਅਤੇ ਤਕਨਾਲੋਜੀ ਤੋਂ ਇਨਕਾਰ ਕਰ ਕੇ ਚੀਨ ਨੂੰ ਗੋਡਿਆਂ ਭਾਰ ਕਰਨ ਵਿਚ ਅਸਫਲ ਰਿਹਾ। ਬੁਸਾਨ ਵਿਚ ਸ਼ੀ ਜਿਨਪਿੰਗ ਨਾਲ ਮੁਲਾਕਾਤ ਕੀਤੀ ਅਤੇ ਜੀ-20 ਸੰਮੇਲਨ ਜੋ ਬੇਲੇਮ, ਬ੍ਰਾਜ਼ੀਲ ' ਹੋਣਾ ਸੀ, ਉਸ 'ਚ ਕੋਈ ਦਿਲਚਸਪੀ ਨਹੀਂ ਦਿਖਾਈ। ਟਰੰਪ ਨੇ ਸੰਯੁਕਤ ਰਾਸ਼ਟਰ ਦਾ ਮਜ਼ਾਕ ਉਡਾਇਆ ਕਿ ਇਹ ਆਪਣੇ ਐਸਕੇਲੇਟਰਾਂ ਨੂੰ ਵੀ ਠੀਕ ਨਹੀਂ ਕਰ ਸਕਦਾ। ਐਲਾਨ ਕੀਤਾ ਕਿ ਦੱਖਣੀ ਅਫ਼ਰੀਕਾ ਨੂੰ ਅਗਲੇ ਸਾਲ ਫਲੋਰੀਡਾ ਵਿਚ ਜੀ-20 ਸੰਮੇਲਨ ਵਿਚ ਸੱਦਾ ਨਹੀਂ ਦਿੱਤਾ ਜਾਵੇਗਾ, ਵੈਨੇਜ਼ੁਏਲਾ 'ਤੇ ਤੇਲ ਦੀ ਨਾਕਾਬੰਦੀ ਲਗਾਈ ਤੇ ਤਾਇਵਾਨ ਨੂੰ ਅਰਬਾਂ ਡਾਲਰ ਦੇ ਹਥਿਆਰਾਂ ਨੂੰ ਮਨਜ਼ੂਰੀ ਦਿੱਤੀ।

ਇੱਥੋਂ ਤੱਕ ਕਿ ਆਪਣੇ ਦਫ਼ਤਰ ਵਿਚ ਟਰੰਪ ਨੇ ਪਾਕਿਸਤਾਨੀ ਫੀਲਡ ਮਾਰਸ਼ਲ ਆਸਿਮ ਮੁਨੀਰ ਦਾ ਸਵਾਗਤ ਕੀਤਾ ਅਤੇ ਰਾਸ਼ਟਰੀ ਸੁਰੱਖਿਆ ਰਣਨੀਤੀ ਵਿਚ ਵੱਡੀਆਂ ਪ੍ਰਾਪਤੀਆਂ ਦਾ ਦਾਅਵਾ ਕੀਤਾ। ਯੂਰਪ ਨੂੰ ਇਕ ਸੱਭਿਅਤਾ ਸਹਿਯੋਗੀ ਵਜੋਂ ਦੱਸਿਆ ਪਰ ਭਾਰਤ ਦਾ ਜ਼ਿਕਰ ਸਿਰਫ਼ ਇੰਡੋ-ਪੈਸੇਫਿਕ ਦੇ ਸੰਦਰਭ ਵਿਚ ਕੀਤਾ। ਟਰੰਪ ਅਮਰੀਕਾ ਦੇ ਅਜਿਹੇ ਰਾਸ਼ਟਰਪਤੀ ਹਨ ਜੋ 2025-2026 ਵਿਚ ਅਮਰੀਕਾ ਅਤੇ ਵਿਦੇਸ਼ਾਂ ਵਿਚ ਵਿਕਾਸ ਨੂੰ ਪ੍ਰਭਾਵਿਤ ਕਰ ਰਹੇ ਹਨ।

ਟਰੰਪ ਲਈ ਇਹ ਸਾਲ ਭਾਰਤ ਨਾਲ ਸਬੰਧਾਂ ਦਾ ਪ੍ਰਬੰਧਨ ਕਰਨ ਪੱਖੋਂ ਇਕ ਚੁਣੌਤੀਪੂਰਨ ਵਰ੍ਹਾ ਰਿਹਾ ਹੈ। ਉਸ ਨੇ ਭਾਰਤ ਨਾਲ ਨੇੜਲੇ ਸਬੰਧਾਂ ਲਈ 25 ਸਾਲਾਂ ਦੇ ਦੋ-ਪੱਖੀ ਸਮਰਥਨ ਨੂੰ ਹਵਾ ਵਿਚ ਉਛਾਲ ਦਿੱਤਾ ਹੈ। ਭਾਰਤ ਨੇ ਸਮਝਦਾਰੀ ਨਾਲ ਕਿਸੇ ਵੀ ਬਦਲਾ ਲੈਣ ਵਾਲੇ ਟੈਰਿਫ ਦਾ ਐਲਾਨ ਕਰਨ ਤੋਂ ਗੁਰੇਜ਼ ਕੀਤਾ ਹੈ ਅਤੇ ਨਾ ਹੀ ਵੱਧ ਤੋਂ ਵੱਧ ਅਮਰੀਕੀ ਦਬਾਅ ਅੱਗੇ ਝੁਕਿਆ ਹੈ। ਉਸ ਨੇ 20 ਤੋਂ ਵੱਧ ਵਾਰ ਪਾਕਿਸਤਾਨ ਦੇ ਦਾਅਵਿਆਂ ਦੇ ਬਾਵਜੂਦ ਟਰੰਪ ਦੀ ਪਾਕਿਸਤਾਨ ਨਾਲ ਜੰਗਬੰਦੀ ਵਿਚ ਭੂਮਿਕਾ ਨੂੰ ਸਵੀਕਾਰ ਨਹੀਂ ਕੀਤਾ ਹੈ। ਵਪਾਰ ਗੱਲਬਾਤ ਵਿਚ ਭਾਰਤ ਆਪਣੇ ਅਸੂਲਾਂ 'ਤੇ ਅੜਿਆ ਰਿਹਾ ਹੈ ਤੇ ਸੂਖਮਤਾ ਨਾਲ ਆਪਣੀ ਰਣਨੀਤਕ ਖ਼ੁਦਮੁਖਤਾਰੀ ਦਾ ਪ੍ਰਗਟਾਵਾ ਕੀਤਾ ਹੈ। ਚੀਨ ਦੇ ਤਿਆਨਜਿਨ ਵਿਚ ਐੱਸਸੀਓ ਸੰਮੇਲਨ ਵਿਚ ਪੁਤਿਨ, ਸ਼ੀ ਅਤੇ ਮੋਦੀ ਦੇ ਇਕੱਠੇ ਹੋਣ ਦੇ ਦ੍ਰਿਸ਼, ਮੋਦੀ ਅਤੇ ਪੁਤਿਨ ਦੀ ਕਾਰ ਸਵਾਰੀ ਅਤੇ ਪੁਤਿਨ ਦੀ ਹਾਲੀਆ ਦਿੱਲੀ ਫੇਰੀ ਅਤੇ ਮੋਦੀ ਵੱਲੋਂ ਸ਼ਾਂਤੀ ਦੇ ਪੱਖ ਵਿਚ ਖੜ੍ਹੇ ਹੋਣ ਦਾ ਦਾਅਵਾ ਕਰਨਾ ਪਰ ਯੂਕਰੇਨ ਉੱਤੇ ਰੂਸੀ ਹਮਲੇ ਦੀ ਨਿੰਦਾ ਨਾ ਕਰਨ ਨੇ ਵਾਸ਼ਿੰਗਟਨ ਅਤੇ ਉਸ ਦੇ ਪੱਛਮੀ ਸਹਿਯੋਗੀਆਂ ਨੂੰ ਸਪੱਸ਼ਟ ਸੰਦੇਸ਼ ਦਿੱਤਾ ਹੈ।

ਜਦੋਂਕਿ ਅਮਰੀਕੀ ਟੈਰਿਫਾਂ ਨੇ ਨੌਕਰੀਆਂ ਦਾ ਨੁਕਸਾਨ ਕੀਤਾ ਹੈ ਅਤੇ ਰਤਨ ਅਤੇ ਗਹਿਣੇ, ਕੱਪੜੇ, ਚਮੜੇ ਦੇ ਸਾਮਾਨ, ਦਸਤਕਾਰੀ ਅਤੇ ਆਟੋਮੋਬਾਈਲ ਪੁਰਜ਼ਿਆਂ ਦੇ ਨਿਰਯਾਤ ਨੂੰ 30 ਬਿਲੀਅਨ ਅਮਰੀਕੀ ਡਾਲਰ ਦੇ ਬਰਾਬਰ ਪ੍ਰਭਾਵਿਤ ਕੀਤਾ ਹੈ। ਭਾਰਤ ਨੇ ਆਪਣੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਤੇ ਯੂਕੇ ਨਾਲ ਸੀਈਟੀਏ, ਓਮਾਨ ਨਾਲ ਸੀਈਪੀਏ, ਨਿਊਜ਼ੀਲੈਂਡ ਨਾਲ ਟੀਐੱਫਏ 'ਤੇ ਦਸਤਖ਼ਤ ਕੀਤੇ ਹਨ। ਸਵਿਟਜ਼ਰਲੈਂਡ, ਨਾਰਵੇ, ਆਈਸਲੈਂਡ ਅਤੇ ਲੀਚਟਨਸਟਾਈਨ ਨਾਲ ਈਐੱਫਟੀਏ ਅਤੇ ਟੀਈਪੀਏ ਅਕਤੂਬਰ ਵਿਚ ਕਾਰਜਸ਼ੀਲ ਹੋ ਗਏ, ਈਯੂ ਅਤੇ ਯੂਏਈ ਅਤੇ ਹੋਰ ਦੇਸ਼ਾਂ ਨਾਲ ਟੀਐੱਫਏ ਇਸ ਤੋਂ ਬਾਅਦ ਹੋ ਸਕਦੇ ਹਨ। ਐੱਲਏਸੀ 'ਤੇ ਪਹਿਲਾਂ ਤੋਂ ਸੂਚਿਤ ਗਸ਼ਤ, ਕੈਲਾਸ਼ ਮਾਨਸਰੋਵਰ ਯਾਤਰਾਵਾਂ ਦੀ ਮੁੜ ਸ਼ੁਰੂਆਤ, ਸਿੱਧੀਆਂ ਉਡਾਣਾਂ, ਸੀਮਤ ਸਰਹੱਦੀ ਵਪਾਰ ਅਤੇ ਚੀਨ ਤੋਂ ਦੁਰਲਭ ਖਣਿਜਾਂ ਅਤੇ ਬੈਟਰੀਆਂ ਦੀ ਸਪਲਾਈ ਅਤੇ ਚੀਨੀ ਨਿਵੇਸ਼ ਦੀਆਂ ਸੰਭਾਵਨਾਵਾਂ ਵਧਣ ਦੇ ਨਾਲ-ਨਾਲ ਬਣ ਰਿਹਾ ਨਿੱਘਾ ਮਾਹੌਲ ਚੀਨ ਨਾਲ ਸਬੰਧਾਂ 'ਤੇ ਜੰਮੀ ਹੋਈ ਬਰਫ਼ ਨੂੰ ਕੁਝ ਹੱਦ ਤੱਕ ਪਿਘਲਣ ਨੂੰ ਦਰਸਾਉਂਦੇ ਹਨ। ਹਾਲਾਂਕਿ ਮੂਲ ਅਵਿਸ਼ਵਾਸ ਬਣਿਆ ਹੋਇਆ ਹੈ, ਖ਼ਾਸ ਕਰਕੇ ਐਲਏਸੀ ਦੇ ਸਬੰਧ ਵਿਚ। ਪਾਕਿਸਤਾਨ ਨੂੰ ਚੀਨ ਦਾ ਸਮਰਥਨ ਅਤੇ ਜੀ-2 ਦੇ ਵਿਚਾਰ ਵੀ ਭਾਰਤ ਦੀਆਂ ਚਿੰਤਾਵਾਂ ਵਧਾ ਰਹੇ ਹਨ।

ਪ੍ਰਧਾਨ ਮੰਤਰੀ ਮੋਦੀ ਨੇ ਪੈਰਿਸ ਵਿਚ ਏਆਈ ਸੰਮੇਲਨ, ਬ੍ਰਾਜ਼ੀਲ ਵਿਚ ਬ੍ਰਿਕਸ ਸੰਮੇਲਨ, ਦੱਖਣੀ ਅਫ਼ਰੀਕਾ ਵਿਚ ਜੀ-20 ਸੰਮੇਲਨ ਅਤੇ ਚੀਨ ਵਿਚ ਐੱਸਸੀਓ ਸੰਮੇਲਨ ਵਿਚ ਸ਼ਿਰਕਤ ਕੀਤੀ। ਏਆਈ, ਅੰਤਰਰਾਸ਼ਟਰੀ ਅੱਤਵਾਦ, ਯੂਐੱਨਐੱਸਸੀ ਸੁਧਾਰ, ਗਲੋਬਲ ਸਾਊਥ ਦੀ ਸਾਰਥਕਤਾ, ਅਫ਼ਰੀਕਾ ਲਈ 10 ਲੱਖ ਟਰੇਨਰਾਂ 'ਤੇ ਉਨ੍ਹਾਂ ਦੀ ਦਖ਼ਲਅੰਦਾਜ਼ੀ ਨੇ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸ਼ੰਸਾ ਪ੍ਰਾਪਤ ਕੀਤੀ ਹੈ। ਸਮੇਂ-ਸਮੇਂ 'ਤੇ ਟਰੰਪ ਨੇ ਆਪਣਾ ਭਾਰਤ ਵਿਰੋਧੀ ਬਿਆਨ ਜਾਰੀ ਰੱਖਿਆ। ਟਰੰਪ ਦੀ 2025 ਦੀ ਕਾਰਗੁਜ਼ਾਰੀ ਸਹੀ ਮਾਅਨੇ ਵਿਚ ਦੇਖੀਏ ਤਾਂ ਤਾਕਤ ਦਾ ਇਕ ਬੇਸ਼ਰਮੀ ਵਾਲਾ ਪ੍ਰਦਰਸ਼ਨ ਸਾਹਮਣੇ ਆਉਂਦਾ ਹੈ। ਪੋਪ ਨੇ ਗਾਜ਼ਾ ਵਿਚ ਕੜਾਕੇ ਦੀ ਠੰਢ ਅਤੇ ਮੀਂਹ ਵਿਚ ਨਰਕ ਭਰੀ ਜ਼ਿੰਦਗੀ ਜਿਉਣ ਵਾਲੇ ਫਲਸਤੀਨੀਆਂ ਦੀ ਯਾਦ ਦਿਵਾਈ।

**ਸੁਰਜੀਤ ਸਿੰਘ ਫਲੋਰਾ**

# ਕੈਨੇਡਾ 'ਚ ਪੰਜਾਬੀ ਨੌਜਵਾਨ ਹਥਿਆਰਾਂ ਸਣੇ ਕਾਬੂ

**ਬਰੈਂਪਟਨ** : ਕੈਨੇਡਾ ਵਿਚ 20 ਸਾਲ ਦੇ ਜਗਦੀਪ ਸਿੰਘ ਨੂੰ ਪਸਤੌਲ ਦੀ ਨੋਕ 'ਤੇ ਡਰਾਉਣ-ਧਮਕਾਉਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਪੀਲ ਰੀਜਨਲ ਪੁਲਿਸ ਨੇ ਦੱਸਿਆ ਕਿ ਵਾਰਾਦਤ 27 ਦਸੰਬਰ ਨੂੰ ਵੱਡੇ ਤੜਕੇ 1 ਵਜੇ ਬਰੈਂਪਟਨ ਦੇ ਚਿੰਗਕੂਜ਼ੀ ਰੋਡ ਅਤੇ ਡ੍ਰਿੰਕਵਾਟਰ ਰੋਡ ਇਲਾਕੇ ਵਿਚ ਵਾਪਰੀ। ਪੁਲਿਸ ਮੁਤਾਬਕ ਪੀੜਤ ਇਕ ਬੱਸ ਵਿਚੋਂ



ਉਤਰਿਆ ਅਤੇ ਇਕ ਅਣਪਛਾਤਾ ਸ਼ਖਸ ਉਸ ਦਾ ਪਿੱਛਾ ਕਰਨ ਲੱਗਾ। ਇਸੇ ਦੌਰਾਨ ਸ਼ੱਕੀ, ਪੀੜਤ ਦੇ ਨੇੜੇ ਗਿਆ ਅਤੇ ਆਪਣੇ ਕੋਲ ਹਥਿਆਰ ਹੋਣ ਦਾ ਡਰਾਵਾ ਦਿਤਾ। ਦੂਜੇ ਪਾਸੇ ਪੀੜਤ ਨੇ ਪੁਲਿਸ ਨੂੰ ਫੋਨ ਕਰ ਲਿਆ ਅਤੇ ਮੌਕੇ 'ਤੇ ਪੁੱਜੇ ਅਫ਼ਸਰਾਂ ਨੇ ਜਲਦ ਹੀ ਸ਼ੱਕੀ ਨੂੰ ਕਾਬੂ ਕਰ ਲਿਆ।

ਬਰੈਂਪਟਨ ਨਾਲ ਸਬੰਧਤ ਜਗਦੀਪ ਸਿੰਘ ਵਿਰੁੱਧ ਖ਼ਤਰਨਾਕ ਮਕਸਦ ਲਈ ਹਥਿਆਰ ਰੱਖਣ ਅਤੇ ਸਜ਼ਾਯੋਗ ਅਪਰਾਧ ਦੀ ਸਾਜ਼ਿਸ਼ ਘੜਨ ਦੇ ਦੋਸ਼ ਆਇਦ ਕੀਤੇ ਗਏ ਹਨ। ਪੀਲ ਪੁਲਿਸ ਨੇ ਅੱਗੇ ਕਿਹਾ ਕਿ ਗ੍ਰਿਫ਼ਤਾਰੀ ਵੇਲੇ ਜਗਦੀਪ ਸਿੰਘ ਕੋਲ ਇਕ ਬੈਕਪੈਕ ਵੀ ਮੌਜੂਦ ਸੀ ਜਿਸ ਵਿਚੋਂ ਰੱਸੀਆਂ, ਟੇਪ ਰੋਲ, ਦਸਤਾਨੇ ਅਤੇ ਦੋ ਛੁਰੇ ਬਰਾਮਦ ਕੀਤੇ ਗਏ। ਅੰਤਮ ਰਿਪੋਰਟ ਮਿਲਣ ਤੱਕ ਜਗਦੀਪ ਸਿੰਘ ਨੂੰ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਤੱਕ ਹਿਰਾਸਤ ਵਿਚ ਰੱਖਿਆ ਗਿਆ ਹੈ। ਇਥੇ ਦਸਣਾ ਬਣਦਾ ਹੈ ਕਿ ਮਿਸੀਸਾਗਾ ਅਤੇ ਬਰੈਂਪਟਨ ਵਿਖੇ 2025 ਦੌਰਾਨ ਅਸਾਲਟ ਦੀਆਂ 6,658 ਵਾਰਦਾਤਾਂ ਸਾਹਮਣੇ ਆਈਆਂ ਜਿਨ੍ਹਾਂ ਵਿਚੋਂ ਬਰੈਂਪਟਨ ਵਿਖੇ 3,462 ਅਤੇ ਮਿਸੀਸਾਗਾ ਵਿਖੇ 3,179 ਦਰਜ ਕੀਤੀਆਂ ਗਈਆਂ।

# ਪੰਜਾਬੀ ਸਿਨੇਮਾ ਦੀਆਂ ਖੱਟੀਆਂ-ਮਿੱਠੀਆਂ ਯਾਦਾਂ: ਕੁਝ ਫਿਲਮਾਂ ਛਾਈਆਂ ਤੇ ਕੁਝ ਹੋਈਆਂ ਫਲਾਪ

## ਬਾਲੀਵੁੱਡ

ਬੀਤੇ ਦੌਰ ਸਮੇਂ ਮਨੋਰੰਜਨ ਦੇ ਸਾਧਨ ਸਿਨੇਮਾ ਦੇ ਪ੍ਰਚਾਰ ਲਈ ਸੀਮਤ ਜਿਹੇ ਸਾਧਨ ਹੁੰਦੇ ਸਨ। ਹਰੇਕ ਸ਼ੁਕਰਵਾਰ ਰੇਹੜੀ ਵਾਲਾ ਦੀਵਾਰਾਂ 'ਤੇ ਨਵੀਂ ਫਿਲਮ ਦੇ ਪੋਸਟਰ ਲਗਾਉਣ ਆਉਂਦਾ ਸੀ। ਫਿਲਮਾਂ ਵੇਖਣ ਦੀ ਟਿਕਟ ਦੀ ਕੀਮਤ ਵੀ ਸੀਮਤ ਜਿਹੀ ਹੁੰਦੀ ਸੀ। ਅਜੋਕੇ ਸਮੇਂ ਅੰਦਰ ਮਨੋਰੰਜਨ ਦੇ ਅਹਿਮ ਸਾਧਨ ਸਿਨੇਮੇ ਦੀ ਥਾਂ ਹੁਣ ਮਲਟੀਪਲੈਕਸ ਨੇ ਲੈ ਲਈ ਹੈ ਜਿਥੇ ਫਿਲਮਾਂ ਦੀ ਗਿਣਤੀ 'ਚ ਕਈ ਗੁਣਾ ਵਾਧਾ ਹੋਇਆ ਹੈ। ਇਸ ਨੂੰ ਵੇਖਦਿਆਂ ਫਿਲਮਾਂ ਦੇ ਪ੍ਰਚਾਰ ਦਾ ਸਾਧਨ ਵੀ ਬਦਲ ਗਿਆ ਹੈ। ਹਰ ਮਹੀਨੇ ਕਈ ਪੰਜਾਬੀ ਫਿਲਮਾਂ ਰਿਲੀਜ਼ ਹੁੰਦੀਆਂ ਹਨ ਪਰ ਸਿਨੇਮਾ ਘਰ ਖ਼ਾਲੀ ਨਜ਼ਰ ਆਉਂਦੇ ਹਨ। ਸਾਲ 2025 ਪੰਜਾਬੀ ਸਿਨੇਮੇ ਲਈ ਕਈ ਖੱਟੀਆਂ ਤੇ ਮਿੱਠੀਆਂ ਯਾਦਾਂ ਛੱਡ ਅਲਵਿਦਾ ਆਖ ਰਿਹਾ ਹੈ। ਆਓ, ਝਾਤ ਮਾਰਦੇ ਹਾਂ ਪੰਜਾਬੀ ਸਿਨੇਮਾ-2025 ਦੇ ਲੇਖੇ-ਜੋਖੇ 'ਤੇ।

**ਫਿਲਮ 'ਮਿੱਠੀਏ' ਨਾਲ ਸ਼ੁਰੂਆਤ:**

ਉਮੀਦ ਸੀ ਕਿ ਪਾਲੀਵੁੱਡ 'ਚ ਧਮਾਕੇਦਾਰ ਫਿਲਮ ਖਾਤਾ ਖੋਲਣ 'ਚ ਕਾਮਯਾਬ ਹੋਵੇਗੀ। ਫਿਲਮ 'ਮਿੱਠੀਏ' ਪੰਜਾਬੀ ਸਿਨੇਮੇ ਦੀ ਸ਼ੁਰੂਆਤ ਹੋਈ। ਸਾਲ ਦਾ ਪਹਿਲਾ ਹਫ਼ਤਾ ਫਿਲਮ ਇੰਡਸਟਰੀ ਲਈ 'ਮੱਠਾ' ਹੀਂ ਰਹਾ। ਦੂਸਰੇ ਹਫ਼ਤੇ ਫਿਲਮ 'ਫ਼ਰਲੋ' ਰਿਲੀਜ਼ ਹੋਈ ਜੋ 'ਫ਼ਰਲੋ' ਹੀ ਰਹੀ। 'ਚੋਰਾਂ ਨਾਲ ਯਾਰੀਆਂ' ਤੇ 'ਅੱਕੜ ਬੱਕੜ ਬੰਬੇ ਬੋ 80-90 ਪੂਰੇ ਸੌ' ਵੀ ਫਲਾਪ ਫਿਲਮਾਂ 'ਚ ਸ਼ਾਮਿਲ ਹੋ ਗਈਆਂ। ਫਿਲਮ 'ਚੋਰਾਂ ਨਾਲ ਯਾਰੀਆਂ' ਨੇ ਦਰਸ਼ਕਾਂ ਨੂੰ ਨਿਰਾਸ਼ਾ 'ਚ ਪਾਇਆ ਉਥੇ ਪੰਜਾਬ ਦੀ ਵਿਰਾਸਤੀ ਖੇਡ 'ਅੱਕੜ ਬੱਕੜ ਬੰਬੇ ਬੋ 80-90 ਪੂਰੇ ਸੌ' ਸਮਾਜ ਦੀ ਸਚਾਈ ਪੇਸ਼ ਕਰਦੀ ਵਧੀਆ ਸੁਨੇਹਾ ਦੇ ਗਈ। 'ਰਿਸ਼ਤੇ ਨਾਤੇ' ਤੋਂ ਅੱਗੇ ਵੱਧ ਕੇ 'ਗੁਰਮੁਖ' ਫਿਲਮ ਰਿਲੀਜ਼ ਹੋਈ। ਜਿਸ ਦੀ ਕਹਾਣੀ ਦਰਸ਼ਕਾਂ ਨੂੰ ਪਸੰਦ ਆਈ। ਸੋਸ਼ਲ ਮੀਡੀਆਂ ਤੇ ਫਿਲਮ ਚਰਚਾ ਦਾ ਵਿਸ਼ਾ ਬਣੀ ਰਹੀ। ਫਿਲਮ 'ਮਝੈਲ' ਦਰਸ਼ਕਾਂ ਨੂੰ ਆਪਣੇ ਨਾਲ ਜੋੜਨ 'ਚ ਕਾਮਯਾਬ ਨਾ ਹੋ ਸਕੀ। ਸਤਿੰਦਰ ਸਰਤਾਜ ਦੀ ਫਿਲਮ 'ਹੁਸ਼ਿਆਰ ਸਿੰਘ' ਵਧੀਆ ਫਿਲਮ ਰਹੀ। ਕਾਮੇਡੀ ਕਲਾਕਾਰ ਹਾਰਬੀ ਸੰਘਾ ਨੂੰ ਹੀਰੋ ਲੈ ਕੇ ਬਣਾਈ ਫਿਲਮ 'ਤੈਨੂੰ ਘੋੜੀ ਕੀਹਨੇ ਚੜ੍ਹਾਇਆ' ਵੀ ਦਰਸ਼ਕਾਂ ਦੀ ਪਹੁੰਚ ਤੋਂ ਦੂਰ ਰਹਿ ਗਈ। ਫਿਲਮ 'ਇਲਤੀ' ਦੀਆਂ ਇਲਤਾਂ ਤੋਂ ਦਰਸ਼ਕ ਤੰਗ ਰਹਿ ਗਏ। ਜੈ ਰੰਧਾਵਾ ਦੀ ਫਿਲਮ 'ਬਦਨਾਮ' 'ਚ ਦਰਸ਼ਕਾਂ ਨੂੰ ਸਾਊਥ ਦੀਆਂ ਫਿਲਮਾਂ ਵਾਲਾ ਐਕਸ਼ਨ ਤੇ ਕਹਾਣੀ ਪੱਖੋਂ ਦਰਸ਼ਕਾਂ ਦੇ ਦਿਲਾਂ ਨੂੰ ਛੂਹਣ ਵਾਲੀ ਫਲਾਪ ਸਾਬਤ ਰਹੀ। ਲੇਖਕ, ਨਿਰਦੇਸ਼ਕ ਤੇ ਅਦਾਕਾਰ ਅੰਬਰਦੀਪ ਦੀ ਮਨੋਰੰਜਨ ਭਰਪੂਰ ਰਹੀ ਫਿਲਮ 'ਮਿੱਠੜੇ' ਰਾਹੀ ਆਪਣੇ ਪੁੱਤਰ ਨੂੰ ਪਰਦੇ 'ਤੇ ਲੈ ਕੇ ਆਉਣ 'ਚ ਕਾਮਯਾਬ ਹੋਇਆ।




**ਦਰਸ਼ਕ ਹੋਏ ਨਿਰਾਸ਼:**

'ਜਾਗੋ ਆਈ ਆ', 'ਗੈਂਗਲੈਂਡ' ਵਰਗੀਆਂ ਫਿਲਮਾਂ ਦੀ ਗਿਣਤੀ 'ਚ ਵਾਧਾ ਹੋਇਆ। 'ਸ਼ੌਕੀ ਸਰਦਾਰ', 'ਅਕਾਲ', 'ਕੁੜੀਆਂ ਜਵਾਨ ਬਾਪੂ ਪ੍ਰੇਸ਼ਾਨ-2', 'ਡਾਕੂਆਂ ਦਾ ਮੁੰਡਾ-3' ਫਿਲਮਾਂ ਵੀ ਦਰਸ਼ਕਾਂ ਨੂੰ ਨਿਰਾਸ਼ ਕਰ ਗਈਆਂ। 'ਜਾਗੋ ਆਈ ਆ', 'ਕਦੀ ਤਾਂ ਹੱਸ ਬੋਲ ਵੇ', 'ਮੇਰਾ ਬਾਪੂ', 'ਜਬਲੀਮੈਂਟ', 'ਸ਼ੌਕਣ-ਸ਼ੌਕਣੇ-2' ਫਿਲਮਾਂ ਵੀ ਸਿਨੇਮਾ ਨੂੰ ਅੱਗੇ ਨਾ ਲੈ ਜਾ ਸਕੀਆਂ। ਫਿਲਮ 'ਸਰਦਾਰ ਜੀ 3' ਨੂੰ ਵਿਦੇਸ਼ਾਂ 'ਚ ਬੇਹੱਦ ਪਿਆਰ ਮਿਲਿਆ। 'ਮੇਰੀ ਪਿਆਰੀ ਦਾਦੀ' ਦਾ ਪਿਆਰ ਲੈਣ ਵੀ ਦਰਸ਼ਕ ਘੱਟ ਹੀ ਦੇਖਣ ਪਹੁੰਚੇ। ਫਿਲਮ 'ਸਰਬਾਲਾ ਜੀ' ਦੀ ਟੀਮ ਵੱਲੋਂ ਸੋਸ਼ਲ ਮੀਡੀਆ 'ਤੇ ਅੱਡੀ ਚੋਟੀ ਦਾ ਜ਼ੋਰ ਲਗਾਇਆ ਗਿਆ। ਲਾੜੇ ਤੋਂ ਵੱਡਾ ਸਰਬਾਲਾ? ਪੰਜਾਬੀ ਸੱਭਿਆਚਾਰ ਵਿਰਸੇ ਦਾ ਨਵਾਂ ਰੰਗ ਦਰਸ਼ਕਾਂ ਨੂੰ ਵੇਖਣਾ ਚੰਗਾ ਨਾ ਲੱਗਿਆ। ਗਾਇਕ ਤੇ ਅਦਾਕਾਰ ਅਮਰਿੰਦਰ ਗਿੱਲ ਫਿਲਮ 'ਮਿੱਤਰਾਂ ਦਾ ਚੱਲਿਆ ਟਰੱਕ ਨੀਂ' ਨਾਲ ਦਰਸ਼ਕਾਂ ਦੇ ਦਿਲ ਜਿੱਤਣ 'ਚ ਬਾਜ਼ੀ ਮਾਰ ਗਿਆ। ਇਕ ਅਲੱਗ ਵਿਸ਼ੇ ਨੂੰ ਲੈ ਕੇ ਬਣੀ ਫਿਲਮ 'ਮਾਂ ਜਾਏ' ਨੂੰ ਦੇਖ ਕੇ ਲੱਗਦਾ ਸੀ ਕਿ ਇਹ ਦਰਸ਼ਕਾਂ ਨੂੰ ਜੋੜਨ 'ਚ ਕਾਮਯਾਬ ਹੋਵੇਗੀ ਪਰ ਹੋਇਆ ਉਲਟ। ਇਸ ਦਾ ਸੰਵੇਦਨਸ਼ੀਲ ਵਿਸ਼ਾ ਕਾਹਲੀ ਨਾਲ ਫਿਲਮਾਇਆ ਸਿੱਧ ਹੋਇਆ। ਫਿਲਮ 'ਮੇਹਰ' ਨਾਲ ਵੀ ਪੰਜਾਬੀ ਸਿਨੇਮੇ 'ਤੇ ਮੇਹਰ ਹੁੰਦੀ-ਹੁੰਦੀ ਰਹਿ ਗਈ। 'ਪੰਜਾਬੀ ਆ ਗਏ ਓਏ' ਵੀ ਦਰਸ਼ਕਾਂ ਨੂੰ ਆਪਣੇ ਨਾਲ ਜੋੜ ਨਾ ਸਕੀ। ਫਿਲਮ 'ਫੱਫੇ ਕੁਟਣੀਆਂ' ਦੀ ਕਹਾਣੀ ਵੀ ਦਰਸ਼ਕਾਂ ਦੀ ਸਮਝ ਤੋਂ ਦੂਰ ਰਹੀ। ਫਿਲਮ 'ਨਿੱਕਾ ਜ਼ੈਲਦਾਰ-1, 2, 3 ਤੋਂ ਬਾਅਦ 'ਨਿੱਕਾ ਜ਼ੈਲਦਾਰ-4' ਵੀ ਸਿਨੇਮੇ ਨੂੰ ਅੱਗੇ ਲੈ ਕੇ ਨਾ ਵੱਧ ਸਕੀ। 'ਮਾਂ ਜਾਏ' ਵੀ ਨਿਰਾਸ਼ਾ 'ਚ ਪਾ ਗਈ। ਫਿਲਮ 'ਸੂਹੇ ਵੇ ਚੀਰੇ ਵਾਲਿਆ' ਵੀ ਫਲਾਪ ਫਿਲਮਾਂ ਦੀ ਗਿਣਤੀ 'ਚ ਵਾਧਾ ਕਰ ਗਈ। 'ਗੁਰੂ ਨਾਨਕ ਜਹਾਜ਼' ਖ਼ੂਬਸੂਰਤ ਫਿਲਮ ਦਰਸ਼ਕਾਂ ਨੂੰ ਦੇਖਣ ਨੂੰ ਮਿਲੀ। ਫਿਲਮ ਦੀ ਟੀਮ ਵੱਲੋਂ ਕੀਤੀ ਮਿਹਨਤ ਦੀ ਬੇਹੱਦ ਪ੍ਰਸੰਸਾ ਹੋਈ।

**ਪੰਜਾਬੀ ਫਿਲਮਾਂ 'ਚ ਨਵੇਂਪਣ ਦੀ ਘਾਟ:**

'ਰਾਵੀ ਦੇ ਕੰਢੇ' ਦੀ ਗੱਲ ਕਰੀਏ ਤਾਂ ਫਿਲਮ ਦੀ ਟੀਮ ਵੱਲੋਂ ਫਿਲਮ ਦੀ ਕਹਾਣੀ ਨੂੰ ਮਿਹਨਤ ਨਾਲ ਤਿਆਰ ਕੀਤਾ ਜੋ ਬੇਹੱਦ ਭਾਵੁਕ ਕਰਦੀ ਹੈ, ਨੂੰ ਵੀ ਦਰਸ਼ਕ ਨਾ ਮਿਲੇ। 'ਗੋਡੇ-ਗੋਡੇ ਚਾਅ 2', ਦਾ ਵੀ ਚਾਅ ਅਧੂਰਾ ਰਹਿ ਕੇ ਜਲਦੀ ਹੀ ਉਤਰ ਗਿਆ। 'ਅਸੀਂ ਪੰਜਾਬੀ ਹੁੰਦੇ ਆਂ', 'ਮਧਾਣੀਆਂ' ਫਿਲਮਾਂ ਵੀ ਕਸੌਟੀ 'ਤੇ ਖ਼ਰੀਆਂ ਨਾ ਉਤਰ ਸਕੀਆਂ। ਪੰਜਾਬੀ ਫਿਲਮ 'ਇਕ ਕੁੜੀ' ਦਰਸ਼ਕਾਂ ਨੂੰ ਪਸੰਦ ਆਈ ਜੋ ਕਾਫ਼ੀ ਹਫ਼ਤੇ ਸਿਨੇਮੇ ਘਰਾਂ ਦਾ ਸ਼ਿੰਗਾਰ ਬਣੀ ਰਹੀ। 'ਪੀ ਖ਼ੁਸ਼ ਹੋ ਗਿਆ' ਨਾ ਆਪ ਖ਼ੁਸ਼ ਹੋਇਆ ਤੇ ਨਾ ਦਰਸ਼ਕਾਂ ਨੂੰ ਖ਼ੁਸ਼ ਕਰਨ ਵਿਚ ਵੀ ਕਾਮਯਾਬ ਹੋਇਆ। 'ਮੇਰਾ ਬੜਾ ਕਰਾਰਾ ਪੂਦਨਾ' ਨੂੰ ਕਾਮੇਡੀ ਦਾ ਜ਼ਿਆਦਾ ਤੜਕਾ ਫਿਲਮ ਨੂੰ ਬੇਸੁਆਦ ਕਰ ਗਿਆ। 'ਇਕ ਤੇਰੇ ਕਰਕੇ' 'ਮੁੱਕ ਗਈ ਫੀਮ ਡੱਬੀ 'ਚੋਂ ਯਾਰੋ' ਨਾਲ ਵੀ ਦਰਸ਼ਕ ਨਾ ਜੁੜ ਸਕੇ। 'ਇਕ ਕੁੜੀ' ਇਸ ਸਾਲ ਦੀ ਵਧੀਆ ਫਿਲਮ ਰਹੀ। ਕੁਲ ਮਿਲਾ ਕੇ ਮਨਘੜਤ ਕਹਾਣੀਆਂ ਵਾਲੀਆਂ ਫਲਾਪ ਫਿਲਮਾਂ ਤੋਂ ਅੱਕੇ ਦਰਸ਼ਕ ਚੰਗੀਆਂ ਫਿਲਮਾਂ ਤੋਂ ਵੀ ਦੂਰ ਰਹੇ। ਇਸ ਸਾਲ ਦੀਂ ਕਸੇ ਵੀ ਪੰਜਾਬੀ ਫਿਲਮ 'ਚ ਨਵਾਂਪਣ ਵੇਖਣ ਨੂੰ ਨਹੀਂ ਮਿਲਿਆ ਜੋ ਪੰਜਾਬੀ ਸਿਨੇਮੇ ਲਈ ਚਿੰਤਾ ਦਾ ਵਿਸ਼ਾ ਹੈ।

**ਫਿਲਮਾਂ ਦਾ ਗੀਤ-ਸੰਗੀਤ:**

ਜਦੋਂ ਪੰਜਾਬੀ ਫਿਲਮਾਂ ਵਿਚਲੇ ਗੀਤ-ਸੰਗੀਤ ਦੀ ਗੱਲ ਆਉਂਦੀ ਹੈ ਤਾਂ ਰੂਹਾਂ ਨੂੰ ਸਕੂਨ ਜਿਹਾ ਮਿਲ ਜਾਂਦਾ। ਪੁਰਾਣੀਆਂ ਫਿਲਮਾਂ ਦੇ ਗੀਤ-ਸੰਗੀਤ ਦੀ ਗੱਲ ਕਰੀਏ ਤਾਂ ਬਹੁਤ ਸਾਰੀਆਂ ਫਿਲਮਾਂ ਵਿਸ਼ਿਆਂ, ਕਹਾਣੀਆਂ ਪੱਖੋਂ ਅਮੀਰ ਹਨ। ਬਹੁਤ ਸਾਰੀਆਂ ਫਿਲਮਾਂ ਕਹਾਣੀਆਂ ਵਿਚਲੇ ਕਲਾਕਾਰਾਂ ਵੱਲੋਂ ਨਿਭਾਏ ਯਾਦਗਾਰੀ ਕਿਰਦਾਰਾਂ ਕਰ ਕੇ ਸੱਥਾਂ ਦੀਆਂ ਚਰਚਾ 'ਚ ਹਨ। ਪੁਰਾਣੀਆਂ ਫਿਲਮਾਂ ਦੇ ਅਨੇਕਾਂ ਗੀਤ 'ਲਾਈਆਂ ਤੇ ਤੋੜ ਨਿਭਾਈ ਛੱਡ ਕੇ ਨਾ ਜਾਵੀਂ ਵੇ', 'ਦੱਸ ਰੋਇਆ ਕਰੇਂਗਾ ਸਾਨੂੰ ਯਾਦ ਕਰ ਕੇ', 'ਅੰਬੀਆਂ ਦੇ ਬੂਟਿਆਂ 'ਤੇ ਲੱਗ ਗਿਆ ਬੂਰ ਵੇ ਰੁੱਤ ਵੇ ਮਿਲਾਪਾਂ ਵਾਲੀ ਚੰਨ ਮੇਰਾ ਦੂਰ ਵੇ', 'ਤੇਰੇ ਕਣਕ ਦੀ ਰਾਖੀ ਮੁੰਡਿਆ ਹੁਣ ਮੈਂ ਨਹੀਓਂ ਬਹਿੰਦੀ', 'ਇਕ ਤੂੰ ਹੋਵੇ ਇਕ ਮੈਂ ਹੋਵਾ', 'ਬੱਲੇ ਬੱਲੇ ਨੀ ਤੇਰੀ ਮਲਮਲ ਦੀ', 'ਪਹਿਲੀ ਪਹਿਲੀ ਵਾਰ ਮੈਨੂੰ ਆਪ ਲੈਣ ਆ ਗਿਆ', 'ਅਸੀਂ ਪੇਂਡੂ ਨੀਂ ਦਿਲਾਂ ਦੇ ਮਾੜੇ', 'ਤੂੰ ਕਿਹੜੇ ਅਰਸ਼ ਦਾ ਤਾਰਾ ਦੱਸ ਮੇਰਿਆ ਦਿਲਬਰਾ ਵੇ', 'ਗੱਡੀ ਥੱਲੇ ਸਿਰ ਦੇ ਕੇ ਮਰ ਜਾਊਂਗੀ', 'ਮੈਂ ਵਾਰੀ ਮੈਂ ਵਾਰੀ ਮੇਰੀ ਸੰਮੀਏ', 'ਵੇਂ ਤੂੰ ਲੌਂਗ ਵੇ ਮੈਂ ਲਾਚੀ' ਆਦਿ ਤਮਾਮ ਗੀਤ ਅੱਜ ਵੀ ਜ਼ਿਹਨ 'ਚ ਵੱਸਦੇ ਹਨ ਪਰ ਪਿਛਲੇ ਲੰਮੇ ਸਮੇਂ ਤੋਂ ਦੇਖਣ 'ਚ ਆਇਆ ਹੈ ਕਿ ਅਜੋਕੀਆਂ ਫਿਲਮਾਂ ਦੇ ਗੀਤ ਲੋਕ ਮਨਾਂ ਤੋਂ ਕੋਹਾ ਦੂਰ ਹਨ। ਸਾਲ 2025 ਵੀ ਇਸ ਤਰ੍ਹਾਂ ਹੀ ਗੁਜਰ ਗਿਆ ਹੈ।

**ਦੋਹਰੇ ਡਾਇਲਾਗਾਂ ਦਾ ਰੁਝਾਨ:**

ਪਿਛਲੇ ਕੁਝ ਸਾਲਾਂ ਤੋਂ ਸਾਡੇ ਪੰਜਾਬੀ ਫਿਲਮਿ ਨਰਦੇਸ਼ਕਾਂ ਵੱਲੋਂ ਦਰਸ਼ਕਾਂ ਨੂੰ ਫਿਲਮਾਂ ਨਾਲ ਜੋੜਨ ਲਈ ਜਿਥੇ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਉਥੇ ਕੁਝ ਫਿਲਮਾਂ ਰਾਹੀ ਦੋਹਰੇ ਅਰਥਾਂ ਵਾਲੇ ਡਾਇਲਾਗ ਪਰੋਸੇ ਜਾ ਰਹੇ ਹਨ। ਇਸ ਦੇ ਨਾਲ-ਨਾਲ ਵੱਡੀ ਉਮਰ ਦੇ ਕਲਾਕਾਰਾਂ ਵੱਲੋਂ ਪਰਦੇ 'ਤੇ ਜਵਾਨ ਉਮਰ ਦੇ ਰੋਲ ਨਿਭਾਉਣ ਵਾਲੀ ਸੋਚ ਵੀ ਦਰਸ਼ਕਾਂ ਲਈ ਚਰਚਾ ਦਾ ਵਿਸ਼ਾ ਬਣੀ ਰਹੀ। ਪੰਜਾਬੀ ਸਿਨੇਮਾ 'ਚ ਅਦਾਕਾਰ ਸਵ. ਵਰਿੰਦਰ ਨੇ ਜੋ ਪੈੜਾਂ ਪਾਈਆਂ, ਉਨ੍ਹਾਂ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਸ ਤੋਂ ਬਾਅਦ ਹੁਣ ਤਕ ਪੰਜਾਬੀ ਸਿਨੇਮੇ ਨੇ ਕਈ ਉਤਰਾਅ-ਚੜ੍ਹਾਅ ਵੇਖੇ ਹਨ। ਅਜੋਕੇ ਫਿਲਮ ਮੇਕਰਾਂ ਵੱਲੋਂ ਫਿਲਮਾਂ ਨੂੰ ਹਿੱਟ ਕਰਨ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਦੇ ਗਾਇਕ ਕਲਾਕਾਰਾਂ ਨੂੰ ਲੈ ਕੇ ਫਿਲਮਾਂ ਬਣਾਉਣ ਦਾ ਤਜਰਬਾ, ਕਦੇ ਸੋਸ਼ਲ ਮੀਡੀਆ 'ਤੇ ਰੀਲ੍ਹਾਂ ਪਾਉਣ ਵਾਲਿਆਂ ਨੂੰ ਫਿਲਮਾਂ 'ਚ ਲੈਣ, ਕਾਮੇਡੀ ਕਲਾਕਾਰਾਂ ਨੂੰ ਹੀਰੋ ਲੈ ਕੇ ਫਿਲਮ ਬਣਾਉਣ ਦਾ ਤਜਰਬਾ ਵੀ ਦਰਸ਼ਕਾਂ ਨੂੰ ਪਸੰਦ ਨਾ ਆਇਆ। ਦਰਸ਼ਕਾਂ ਦੇ ਮਨਾਂ ਅੰਦਰ ਵੱਡੀ ਉਮਰ ਦੇ ਕਲਾਕਾਰਾਂ ਵੱਲੋਂ ਜਵਾਨ ਉਮਰ ਦੇ ਰੋਲ ਨਿਭਾਉਣ ਵਾਲੀ ਸੋਚ ਵੀ ਚਰਚਾ ਦਾ ਵਿਸ਼ਾ ਬਣੀ ਰਹੀ।

**ਪ੍ਰਚਾਰ ਨੇ ਬਦਲਿਆ ਰੰਗ:**

ਪੰਜਾਬੀ ਫਿਲਮਾਂ ਦੀ ਸੀਮਤ ਜਿਹੇ ਪ੍ਰਚਾਰ ਤੋਂ ਬਾਅਦ ਸਿਨੇਮੇ ਫਿਲਮਾਂ ਦੇ ਪ੍ਰਚਾਰ ਲਈ ਨਵੇਂ-ਨਵੇਂ ਢੰਗ ਤਰੀਕੇ ਵਰਤੇ ਜਾਣ ਲੱਗੇ ਹਨ। ਫਿਲਮਾਂ ਦਾ ਪ੍ਰਚਾਰ ਸੜਕਾਂ 'ਤੇ ਵੱਡੇ-ਵੱਡੇ ਫਲੈਕਸਾਂ ਤੋਂ ਲੈ ਕੇ ਸਕੂਲਾਂ-ਕਾਲਜਾਂ ਤਕ ਫਿਲਮਾਂ ਦੀਆਂ ਟੀਮਾਂ ਆਉਣ ਵਾਲੀਆਂ ਫਿਲਮਾਂ ਦੇ ਪ੍ਰਚਾਰ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਰਹੀਆਂ ਹਨ ਪਰ ਮਲਟੀਪਲੈਕਸ ਫਿਰ ਵੀ ਖ਼ਾਲੀ ਦੇ ਖ਼ਾਲੀ ਨਜ਼ਰ ਆ ਰਹੇ ਹਨ, ਜੋ ਚਿੰਤਾ ਦਾ ਵਿਸ਼ਾ ਹੈ। ਫਿਲਮਾਂ ਦੇ ਪ੍ਰੀਮੀਅਮ ਸ਼ੋਅ ਮੌਕੇ ਫਿਲਮ ਦੀ ਟੀਮ ਨੂੰ ਮੀਡੀਆ ਅੱਗੇ ਰੂ-ਬ-ਰੂ ਕਰਨ ਦੇ ਹਰ ਹਫ਼ਤੇ ਦਰਸ਼ਕਾਂ ਨੂੰ ਵੱਖੋ-ਵੱਖਰੇ ਰੰਗ ਵੇਖਣ ਨੂੰ ਮਿਲ ਰਹੇ ਹਨ। ਜਿਵੇਂ ਫਿਲਮ ਦਾ ਪਹਿਲਾ ਸ਼ੋਅ ਚਹੇਤਿਆਂ ਨੂੰ ਦਿਖਾਉਣਾ। ਕੀ ਅਜਿਹੀਆਂ ਪੇਸ਼ਕਾਰੀਆਂ ਸਿਨੇਮੇ ਨੂੰ ਉਪਰ ਲੈ ਜਾਣਗੀਆਂ ?

**2026 ਦੀ ਉਡੀਕ 'ਚ ਨਵੀਆਂ ਫਿਲਮਾਂ:**

ਸਿਨੇਮਾ ਸਾਡੀ ਜ਼ਿੰਦਗੀ 'ਚ ਵਾਪਰਦੀਆਂ ਘਟਨਾਵਾਂ ਨੂੰ ਪੇਸ਼ ਕਰਦਾ ਹੈ ਜੋ ਸਾਨੂੰ ਅੱਗੇ ਵਧਣ ਦਾ ਪ੍ਰੇਰਿਤ ਕਰਦਾ ਹੈ। ਸਿਨੇਮਾ ਪ੍ਰਚਾਰ ਤੇ ਪ੍ਰਸਾਰ ਦਾ ਸਭ ਤੋਂ ਵੱਡਾ ਸਾਧਨ ਹੈ। ਸਿਨੇਮੇ ਦਾ ਕਾਮਯਾਬ ਹੋਣਾ, ਸਿਨੇਮੇ ਨੂੰ ਗਲ਼ ਨਾਲ ਲਾਉਣਾ ਬੇਹੱਦ ਜ਼ਰੂਰੀ ਹੈ। ਸੋ ਆਓ,ਅਸੀਂ ਕਾਮਨਾ ਕਰੀਏ ਕਿ ਪੰਜਾਬੀ ਫਿਲਮਾਂ ਵੀ ਸਾਡੇ ਸਮਾਜ ਦੇ ਹਾਣ ਦੀਆਂ ਬਣਨ। ਸਾਲ 2026 'ਚ 'ਗੁਰ ਸ਼ਹੀਦ ਮੁਹੰਮਦ ਸਿੰਘ' ,'ਭੋਲੇ ਓਏ -2','ਇਸ਼ਕਾਂ ਦੇ ਲੇਖੇ','ਪੰਛੀ-2' ਆਦਿ ਫਿਲਮਾਂ ਪੰਜਾਬੀ ਸਿਨੇਮੇ ਲਈ ਵੱਖਰਾ ਮੁਕਾਮ ਹਾਸਲ ਕਰਨਗੀਆਂ। ਕੁਝ ਨਵੇਂ ਚਿਹਰੇ ਨਜ਼ਰ ਆਉਣ ਦੀ ਉਮੀਦ ਵੀ ਹੈ। ਪ੍ਰਮਾਤਮਾ ਕਰੇ, ਸਾਲ 2026 ਦੇ ਸੂਰਜ ਦਾ ਚਾਨਣ ਨਵੀਆਂ ਉਮੀਦਾਂ ਨੂੰ ਰੁਸ਼ਨਾਉਂਦਾ ਸਭਨਾਂ ਦੇ ਵਿਹੜਿਆਂ ਅੰਦਰ ਚਾਨਣ ਵੰਡੇ। ਦਰਸ਼ਕਾਂ ਦੇ ਦਿਲਾਂ ਨੂੰ ਛੂਹ ਜਾਣ ਵਾਲੀਆਂ ਪੰਜਾਬੀ ਫਿਲਮਾਂ ਦੀ ਆਮਦ ਹੋਵੇ ਅਤੇ ਪੰਜਾਬੀ ਸਿਨੇਮਾ ਦਿਨ-ਦੁੱਗਣੀ ਰਾਤ ਚੌਗੁਣੀ ਤਰੱਕੀ ਕਰੇ।

**ਹਿੱਟ ਤੇ ਫਲਾਪ ਫਿਲਮਾਂ:**

ਸਾਲ 2025 ਦੌਰਾਨ ਦਰਜਨਾਂ ਹੀ ਰਿਲੀਜ਼ ਹੋਈਆਂ ਪੰਜਾਬੀ ਫਿਲਮਾਂ 'ਚੋਂ ਕੁਝ ਫਿਲਮਾਂ ਹੀ ਚੱਲੀਆਂ ਜਿਨ੍ਹਾਂ 'ਚ ਅਮਰਿੰਦਰ ਗਿੱਲ ਤੇ ਸੁਨੰਦਾ ਸ਼ਰਮਾ ਦੀ ਫਿਲਮ 'ਮਿੱਤਰਾਂ ਦਾ ਚੱਲਿਆ ਟਰੱਕ ਨੀਂ' ਚੰਗੀ ਚੱਲ ਗਈ। 'ਸ਼ੌਕਣ-ਸ਼ੌਕਣੇ-2' ਵੀ ਚੰਗਾ ਕਾਰੋਬਾਰ ਕਰ ਗਈ। ਪੰਜਾਬੀ ਫਿਲਮ 'ਇਕ ਕੁੜੀ' ਦੇ ਪਹਿਲੇ ਤਿੰਨ ਦਿਨ ਵਪਾਰ ਪੱਖੋਂ ਕਮਜ਼ੋਰ ਰਹੇ ਪਰ ਫਿਰ ਹਿੱਟ ਰਹੀ ਜੋ ਅੱਜ ਦਰਸ਼ਕਾਂ ਦੀ ਪਹਿਲੀ ਪਸੰਦ ਬਣੀ ਜੋ ਇਸ ਸਾਲ ਦੀ ਸਭ ਤੋਂ ਵਧੀਆ ਫਿਲਮ ਰਹੀ।

ਫਿਲਮ 'ਰਾਵੀ ਦੇ ਕੰਢੇ' ਦੀ ਗੱਲ ਕਰੀਏ ਤਾਂ ਫਿਲਮ ਦੀ ਟੀਮ ਵੱਲੋਂ ਫਿਲਮ ਦੀ ਕਹਾਣੀ ਨੂੰ ਸੁਚੱਜੇ ਢੰਗ ਨਾਲ ਪਰੋਇਆ ਗਿਆ ਪਰ ਦਰਸ਼ਕਾਂ ਨੂੰ ਜੋੜਨ 'ਚ ਪਿਛੇ ਰਹਿ ਗਈ। ਲੇਖਕ ਦੇ ਨਿਰਦੇਸ਼ਕ ਨਵ ਬਾਜਵਾ ਦੀ ਪੰਜਾਬੀ ਫਿਲਮ 'ਮਧਾਣੀਆਂ' ਜੋ ਪੰਜਾਬੀ ਸਿਨੇਮੇ ਦੀ ਮਲਟੀਸਟਾਰ ਫਿਲਮ ਮੰਨੀ ਗਈ ਕਿਉਂਕਿ ਫਿਲਮ 'ਚ ਨੀਰੂ ਬਾਜਵਾ, ਗੁਰਪ੍ਰੀਤ ਘੁੱਗੀ, ਦੇਵ ਖਰੋੜ ਆਦਿ ਹੋਰ ਵੱਡੇ ਕਲਾਕਾਰਾਂ ਨੂੰ ਲੈ ਕੇ ਰਿਲੀਜ਼ ਹੋਈ ਪਰ ਇਸ ਫਿਲਮ ਨੂੰ ਵੀ ਦਰਸ਼ਕਾਂ ਪਸੰਦ ਨਹੀਂ ਕੀਤਾ। ਫਿਲਮ ਬਾਕਿਸ ਆਫਿਸ 'ਤੇ ਮੂਧੇ ਮੂੰਹ ਡਿੱਗੀ। ਬੀਨੂੰ ਢਿੱਲੋਂ ਤੇ ਜੀ. ਖਾਨ ਦੀ ਮੁੱਖ ਭੂਮਿਕਾ ਨਾਲ ਜੌਬੀ 'ਤੇ ਬਣੀ ਪੰਜਾਬ ਦੀ ਪਹਿਲੀ ਫਿਲਮ 'ਜੌਬੀਲੈਂਡ' ਨੂੰ ਵੇਖਣ ਵਾਲੇ ਦਰਸ਼ਕਾਂ ਨੂੰ ਕਾਫ਼ੀ ਹੱਦ ਤਕ ਪਸੰਦ ਆਈ। ਗਾਇਕ ਤੇ ਅਦਾਕਾਰ ਸਤਿੰਦਰ ਸਿਰਤਾਜ ਦੀ ਫਿਲਮ 'ਹੁਸ਼ਿਆਰ ਸਿੰਘ' ਲੋਕ ਮਨਾਂ 'ਤੇ ਖ਼ਰੀ ਉਤਰੀ ਤੇ ਹਿੱਟ ਲਿਸਟ 'ਚ ਦਾ ਖਾਤਾ ਖੋਲ੍ਹਣ 'ਚ ਸਫਲ ਰਹੀ। ਅਣਛੂਹੇ ਵਿਸ਼ੇ 'ਤੇ ਬਣੀ ਫਿਲਮ 'ਗੁਰੂ ਨਾਨਕ ਜਹਾਜ਼' ਵੀ ਚੰਗਾ ਹੁੰਗਾਰਾ ਮਿਲਿਆ।

**ਮਹਿੰਗੇ ਸਿਨੇਮੇ ਤੋਂ ਅੱਕੇ ਦਰਸ਼ਕ:**

ਇਕ ਫਿਲਮ ਵੇਖਣ ਲਈ ਮਲਟੀਪਲੈਕਸ 'ਚ ਗੱਡੀ ਦੀ ਪਾਰਕਿੰਗ ਤੋਂ ਲੈ ਕੇ ਟਿਕਟ ਖਿੜਕੀ ਤੋਂ ਹੁੰਦੇ ਖਾਣ-ਪੀਣ ਦੀ ਵਸਤਾਂ ਦੇ ਅਸਮਾਨ ਛੂੰਹਦੇ ਰੇਟ ਫਿਲਮ ਵੇਖਣ ਵਾਲਿਆਂ ਦੇ ਪਸੀਨੇ ਛੁਡਾ ਦਿੰਦੇ ਹਨ। ਪੰਜਾਬੀ ਫਿਲਮਾਂ ਨੂੰ ਪਿਆਰ ਕਰਨ ਵਾਲੇ ਬਹੁਤ ਸਾਰੇ ਲੋਕਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਦਾ ਕਹਿਣਾ ਹੈ ਕਿ ਕਦੇ ਸਮੇਂ ਸੀ ਜਦੋਂ ਦਰਸ਼ਕ ਪਸੰਸੀਦਾ ਅਦਾਕਾਰ ਦੀ ਫਿਲਮ ਦੇਖਣ ਲਈ ਬੜੇ ਚਾਅ ਨਾਲ ਸਿਨੇਮਾ ਘਰ ਪਹੁੰਚਦੇ ਸਨ ਪਰ ਅਜੋਕੇ ਤਕਨੀਕੀ ਦੌਰ 'ਚ ਸਿਨੇਮਾ ਘਰ ਦਰਸ਼ਕਾਂ ਤੋਂ ਸੱਖਣੇ ਹੋ ਰਹੇ ਹਨ। ਇਸ ਪਿਛੇ ਬਹੁਤ ਸਾਰੇ ਕਾਰਨ ਹਨ। ਇਕ ਦਿਨ 'ਚ ਦੋ-ਤਿੰਨ ਫਿਲਮਾਂ ਦਾ ਰਿਲੀਜ਼ ਹੋਣਾ ਵੀ ਅਹਿਮ ਕਾਰਨ ਹਿੰਦੀ ਤੇ ਪੰਜਾਬੀ ਫਿਲਮਾਂ 'ਚ ਅਹਿਮ ਵਿਸ਼ੇ 'ਤੇ ਕੰਮ ਨਾ ਹੋਣਾ, ਦੂਜੀ ਗੱਲ ਮਲਟੀਪਲੈਕਸਾਂ ਦੀ ਟਿਕਟ ਮਹਿੰਗੀ ਹੋਣਾ ਵੀ ਵੱਡਾ ਕਾਰਨ ਹੈ। ਜਿਸ ਦਿਨ ਵਰਲਡ ਪੰਜਾਬੀ ਸਿਨੇਮਾ ਦਿਵਸ ਮਨਾਇਆ ਗਿਆ,ਉਸ ਦਿਨ ਟਿਕਟ ਸਸਤੀ ਕੀਤੀ ਗਈ ਸੀ। ਦਰਸ਼ਕਾਂ ਦਾ ਸਿਨੇਮੇ ਤੋਂ ਦੂਰ ਹੋਣ ਦਾ ਕਾਰਨ ਹਲਕੇ ਵਿਸ਼ਿਆਂ ਦੀਆ ਫਿਲਮਾਂ ਹਨ। ਲੰਮੇ ਸਮੇਂ ਤੋਂ ਫਿਲਮ ਮੇਕਰਾਂ ਵੱਲੋਂ ਇਕੋ ਟੀਮ ਨੂੰ ਲੈ ਕੇ ਫਿਲਮਾਂ 'ਚ ਬਣਾਉਣਾ ਵੀ ਵੱਡਾ ਕਾਰਨ ਹੈ।

# Dr. Dhanju

## We'll take care of your Teeth



**General**
Exams/Cleaning
Dental Sealants
Root Canals
Crowns/Caps
Duentures
Gum Disease

**Cosmetic**
Teeth Whitening
Veneers
Smile Design

**Surgical**
Wisdom Teeth
Implants

**High-Tech Exam**
Dignodent
Digital X-Rays
Intra-Oral Camera

**SURREY**
206 - 15230 56 Ave
(HWY 10),
604-200-3993

**SURREY**
7126 King George
Blvd,
604.591.8999

**RICHMOND**
Suite 1946 6060 Minoru Blvd. Inside
Richmond Centre
(Close to Shoppers Drug Mart)
604.276.2442

**SURREY**
Suite 300 15850
24th Ave.
604.536.2700

# JASSAL SIGNS

## *From Concept to Completion*







- ***Vehicle Wraps***
- ***Business Cards***
  ***Signs & Posters***
- ***Wide Format Printing***
- ***Banners & Truck Signs***
- ***Invoices & Logo Sheets***
- ***Logo Design & Real Estate Signs***
- ***Channel Letters & Light Boxes & More***

604-599-4221

Email: info@jassalsigns.com

**Surrey**

#101 - 7728 128 St,
Surrey

**Cloverdale**

#101- 6592 176 St,
Cloverdale

**WWW.JASSALSIGNS.COM**

# ਸਰਕਾਰ ਨੇ ਸਿਆਸੀ ਮਨਸ਼ਾ ਤਹਿਤ ਕੇਸ ਦਰਜ ਕਰਾਇਆ: ਧਾਮੀ

## ਧਾਮੀ ਨੇ ਕਿਹਾ ਕਿ ਅਕਾਲ ਤਖ਼ਤ ਵੱਲੋਂ ਕਰਵਾਈ ਜਾਂਚ ਅਨੁਸਾਰ ਰਿਪੋਰਟ ਵਿੱਚ ਸਪਸ਼ਟ ਹੈ ਕਿ ਸਰੂਪ ਲਾਪਤਾ ਨਹੀਂ ਹੋਏ

ਲਾਪਤਾ ਪਾਵਨ ਸਰੂਪ ਮਾਮਲੇ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲਾਏ ਦੋਸ਼ਾਂ ਤੋਂ ਬਾਅਦ ਅੱਜ ਇੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸਰਕਾਰ ਅਦਾਲਤ ’ਚ ਮੰਨ ਚੁੱਕੀ ਹੈ ਕਿ ਸਿੱਖ ਸੰਸਥਾ ਅਜਿਹੇ ਮਾਮਲਿਆਂ ਬਾਰੇ ਫ਼ੈਸਲੇ ਲੈਣ ਦੇ ਸਮਰੱਥ ਅਤੇ ਅਧਿਕਾਰਤ ਹੈ ਪਰ ਇਸ ਦੇ ਬਾਵਜੂਦ ਇਸ ਮਾਮਲੇ ’ਚ ਪੁਲੀਸ ਕੇਸ ਦਰਜ ਕਰ ਕੇ ਸਰਕਾਰ ਨੇ ਆਪਣੀ ਸਿਆਸੀ ਮਨਸ਼ਾ ਸਾਬਤ ਕੀਤੀ ਹੈ।

ਮੀਡੀਆ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਅਕਾਲ ਤਖ਼ਤ ਦੇ ਆਦੇਸ਼ ਮੁਤਾਬਕ ਸ਼੍ਰੋਮਣੀ ਕਮੇਟੀ ਇਸ ਮਾਮਲੇ ’ਚ ਜ਼ਿੰਮੇਵਾਰ ਠਹਿਰਾਏ 16 ਜਣਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰ ਚੁੱਕੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਇਸ ਮਾਮਲੇ ’ਚ ਅੱਧੇ-ਅਧੂਰੇ ਫ਼ੈਸਲੇ ਬਾਰੇ ਦੱਸ ਕੇ ਲੋਕਾਂ ਨੂੰ ਗੁਮਰਾਹ ਕਰਨ ਦਾ ਯਤਨ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਸਰਕਾਰ ਅਜਿਹਾ ਕਰ ਕੇ ਅਕਾਲ ਤਖ਼ਤ ਦੀ ਸਰਵਉੱਚਤਾ ਨੂੰ ਵੀ ਚੁਣੌਤੀ ਦੇ ਰਹੀ ਹੈ ਕਿਉਂਕਿ ਡਾ. ਈਸ਼ਰ ਸਿੰਘ ਦੀ ਜਾਂਚ ਅਕਾਲ ਤਖ਼ਤ ਵੱਲੋਂ ਕਰਵਾਈ ਗਈ ਸੀ ਤੇ ਜਾਂਚ ਰਿਪੋਰਟ ਅਨੁਸਾਰ ਸ਼੍ਰੋਮਣੀ ਕਮੇਟੀ ਨੂੰ ਕਾਰਵਾਈ ਦਾ ਆਦੇਸ਼ ਵੀ ਅਕਾਲ ਤਖ਼ਤ ਨੇ ਹੀ ਕੀਤਾ ਸੀ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹਾਈ ਕੋਰਟ ਦੇ ਜਿਸ ਹੁਕਮ ਦਾ ਜ਼ਿਕਰ ਕਰ ਕੇ ਐੱਫ ਆਈ ਆਰ ਦਰਜ ਕਰਨ ਬਾਰੇ ਦੱਸ ਰਹੀ ਹੈ, ਉਸ ਵਿੱਚ ਖ਼ੁਦ ਸਰਕਾਰ ਵੱਲੋਂ ਇਹ ਅਧਿਕਾਰ ਖੇਤਰ ਸਿੱਖ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਦਾ ਹੋਣ ਬਾਰੇ ਹਲਫ਼ਨਾਮਾ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੀ ਏ ਸਤਿੰਦਰ ਸਿੰਘ ਕੋਹਲੀ ਬਾਰੇ ਗੱਲ ਕਰਦਿਆਂ ਆਖਿਆ ਕਿ ਇਸ ਮਾਮਲੇ ਵਿਚ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ’ਚ ਪੈਸੇ ਰਿਕਵਰ ਕਰਨ ਦਾ ਕੇਸ ਚੱਲ ਰਿਹਾ ਹੈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਸਾਬਕਾ ਪ੍ਰਧਾਨ ਅਲਵਿੰਦਰਪਾਲ ਸਿੰਘ ਪੱਖੋਕੇ, ਅੰਤ੍ਰਿੰਗ ਕਮੇਟੀ ਮੈਂਬਰ ਗੁਰਪ੍ਰੀਤ ਸਿੰਘ ਝੱਬਰ ਆਦਿ ਮੌਜੂਦ ਸਨ।

ਪ੍ਰਧਾਨ ਧਾਮੀ ਨੇ ਕਿਹਾ ਕਿ ਅਕਾਲ ਤਖ਼ਤ ਵੱਲੋਂ ਕਰਵਾਈ ਜਾਂਚ ਅਨੁਸਾਰ ਰਿਪੋਰਟ ਵਿੱਚ ਸਪਸ਼ਟ ਹੈ ਕਿ ਸਰੂਪ ਲਾਪਤਾ ਨਹੀਂ ਹੋਏ, ਸਗੋਂ ਇਹ ਹੇਰਾ-ਫੇਰੀ ਦਾ ਮਾਮਲਾ ਹੈ। ਸ਼੍ਰੋਮਣੀ ਕਮੇਟੀ ’ਚ ਲਗਪਗ 22 ਹਜ਼ਾਰ ਮੁਲਾਜ਼ਮ ਹਨ ਤੇ ਵੱਡੇ ਪ੍ਰਬੰਧ ਵਿੱਚ ਖ਼ਾਮੀਆਂ ਰਹਿ ਸਕਦੀਆਂ ਹਨ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਕਿਸੇ ਵੀ ਦੋਸ਼ੀ ਦਾ ਸਾਥ ਨਹੀਂ ਦੇ ਰਹੀ, ਇਸ ਸਬੰਧੀ ਝੂਠਾ ਪ੍ਰਚਾਰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।



A1 PROMOTIONS EST. 2004

A1PROMOTIONS.CA

Custom T Shirts, Hoodies, School Uniforms

Event & Tournament Packages, Trophy Awards

Large Variety Of Promotional Products




A1 PROMOTIONS NEWTON
13375-72 AVE SURREY
604-763-1500
sales@a1promotions.ca

A1 PROMOTIONS HYLAND
6638-152A Street Surrey
604-597-8356
sales152@a1promotions.ca

Vol. 19, Issue: 01

Friday, JANUARY 02, 2026

# REALTY CLASSIFIEDS

W: www.realtyclassifieds.ca | E: design@swmediagroup.ca | Ph: 604-312-5678,

## Stand-off between buyers and sellers leaves Canada's housing market stuck

Canadian homebuyers are playing the waiting game in a showdown with sellers, whose ranks have swelled in the past couple of years in parts of the country. The fall market has largely been a non-event as a result.

Home resales have neither grown nor shrunk across the country since July. They fell slightly by 0.6% in November from October, nearly offsetting a small increase the previous month.

Whether buyers' measured approach is tactical or out of caution amid economic uncertainty, the implication is the same: Strong-arming sellers into reducing prices in many markets.

And, it's working to a degree. Canada's composite MLS Home Price Index edged 0.7% lower in the past four months and is now down 3.7% from a year ago.

The softness remains concentrated in Ontario and British Columbia, though prices have also dropped in Alberta. Buyers in these markets have a lot more choice than a year ago and are able to shop around.

Strong competition among sellers could also be causing prospective sellers to hold off listing properties. New listings have fallen 4% in the past three months nationwide, including a 1.6% decline in November from October.

If sustained, it would help drain some of the inventory built in Ontario and B.C., rebalance supply and demand, and stabilize prices.

In the meantime, buyers will no doubt continue flexing their bargaining muscle to extract further price concessions.

Less than half of local markets saw resales drop in November from October including Toronto (-0.6%), Ottawa (-6.7%), Montreal (-2.8%), Halifax (-12.8%), Victoria (-6.6%) and Winnipeg (-2.1%).

The small majority that notched an increase include Vancouver (4.6%), Edmonton (3.6%), Calgary (0.3%), Regina (6%) and Saskatoon (6.2%).


Lifestyle REAL ESTATE GROUP




1506-2180 Gladwin Rd

2 bedroom 2 bath with Panoramic views!




8646 - 115A Street

Investor Alert! Solid 4 bdrm 2 bath family home on a quiet street!




#312-11816-88 Ave

Top floor corner unit, large 2 bdrm spacious & bright condo located close to everything.




#222 - 7837 - 120A St.

Spacious & bright 1692 sq ft townhouse close to everything!




12010 - 265A Street

1.5 acre ultimate multi generational estate property in Forest Hills!




14579 - 33B Avenue

Beautiful home with a one bedroom suite in South Surrey!



Tom Edwards
Personal Real Estate Corporation
604-341-6884
tom@northdeltahomes.com
www.northdeltahomes.com
www.lifestylerealestategroup.ca
@tomedwardsremax

Lifestyle REAL ESTATE GROUP





# HARMINDER S. PATTAR PREC

COLDWELL BANKER UNIVERSE REALTY

604-377-2854

BUILDERS OR INVESTOR ALERT!
I have BIG Chinese Investors, they are looking for Investment in Multi-family Townhouses and Hotel sites. Call for more details.



**2681 E 41 AVE, VANCOUVER**

Court order sale, duplex that requires some finishing. 3 level (non-strata) front and back duplex for sale with 4 bed room & 3 bath room with 1749 sqft on each side, big duplex, separate entrance in the basement. Purchaser must be able to have a new home warranty and be a licensed builder. Buyer must do their due diligence from the City of Vancouver regarding permits. Good size lot appx. 4,653.00 sq.ft with detached garage and lane access.

~~$2,750,000~~

**$2,350,000**

**COMMERCIAL PLAZA FOR SALE 2638-2640 CEDAR PARK PLACE, ABBOTSFORD**



THIS IS A FULLY LEASED WITH 10 SEPARATELY LEASED RETAIL. COMMERCIAL PROPERTY SITUATED IN THE HEART OF ABBOTSFORD.. IT IS LOCATED JUST TWO BLOCK FROM CITY HALL CORNER OF SOUTH FRASER WAY AD CEDAR PARK PLACE. ITS OVER 17000 SQ FT BUILDING SITUATED ON OVER 13000 SQ FT LOT AREA, ITS HIGH VISIBLE PROMINENT WITH LARGE FRONTAGE.

**$7,500,000**

**5942 LAUREL ST VANCOUVER**



WELL KEPT OLD HOUSE WITH 6800 sq FT LOT OVER 3000 SQ FT HIUSE ,5bed ROOM , 4 Bathrooms ON QUEITE ST ,, build DUPLX GOOD HOLDING PROPERTY ASKING 3.1 ML MORE INFORMATION PLS CALL

**$2,945,000**




Court Order Sale. Property is sold as is where is. This 5 bedroom 4 bathroom split-level home is very well maintained in a family oriented neighbourhood. Quiet Street with tons of privacy, the generous kitchen boasts granite countertops and spacious island, while large windows flood the space with natural light. Private 2 car garage. Very well maintained. Located in a GREAT LOCATION with easy access to major highways, shopping, and schools. Measurements approx. buyer to verify if important. School Catchment: Maddaugh Elementary & EcholeSalish Secondary. For more information please call. (30811618)

**$1,378,000**

**1035 23200 GILLEY ROAD**



This brand-new 989 sqft commercial space located in Hamilton Village West. This provides best opportunity for those who wants to start their career. This unit is newly built and is ready to move in. Enjoy easy access for your clientele with recessed curb parking in front of the store, 30 at grade parking stalls plus 50 in the building's parkade. Situated on the ground floor of the brand new 130-unit condominium development in a fast growing Richmond hub, don't miss this opportunity to be at the centre of it all! (36829540)

**$799,999**

**#45 12036 66 AVE, SURREY $845,000**



Discover this beautiful , bright and spacious 3-bedroom, 2.5-bathroom townhome in a highly desirable central location.The home features a spacious west-facing sundeck, perfect for soaking in the afternoon sun or enjoying evening relaxation.The double tandem garage offers convenient parking andextra storage. With public transit just steps away on scott road, commuting is a breeze.Families will love the proximity to top-rated schools, ensuringexcellent education options. You'll also find a variety of shopping, dining, and entertainment options nearby, making this home a perfect blend of convenience and comfort.

**45594 MEADOWBROOK DRIVE, CHILLIWACK 1,050,000**




Court order sale built in 2019 5 bedrm, 4 bathrm perfect home very desirable location across the street from Meadowbrook park to raise your family ,modern 3 story with 1 bedroom basement suite with separate entrance ,home has amazing finishing w/ top quality kitchen ,stone counter tops, large island luxury spa bathroom, central air condition ,fenced yard, outside BBQ connections ,hi efficiency furnace tank-less water heater ,Embrace the fabulous area with amenities within walking distance to Meadowbrook park ,middle/high school , shopping ,transit ,close access to HWY 1, BEAUTIFUL PLAYGROUND RITR IN FRONT.

**11132 PATRICIA DRIVE, DELTA S$1,340,000**




Court Order Sale. This 5 bedroom 3 bathroom split-level home is very well maintained in a family oriented neighborhood. Quiet Street with tons of privacy, very easily convert downstairs into a suite(Kitchen and separate entry already downstairs). Home gets tons of natural light and has had a few updates throughout the years: new floors, kitchen cabinets, deck in the backyard. Quick access to Alex Fraser Bridge to get Richmond and New Westminster & Highway 17 to get to Langley & Surrounding areas.


THE PUBLISHED INFORMATION IS FROM RELIABLE SOURCES BUT SHOULD NOT BE RELIED UPON WITHOUT VERIFICATION. REALTY CLASSIFIEDS ASSUME NO RESPONSIBILITY FOR ITS ACCURACY. PLEASE CONTACT YOUR LOCAL REALTOR FOR FURTHER VERIFICATION AND DETAILS. THANK YOU.

# REALTY CLASSIFIED




KULVIR SAHOTA PREC.

778.863.2472

sahotakulvir@gmail.com

Top-selling Agent in Surrey Office

Since 2017, 2018, 2019, 2020, 50 SOLD in 2021

PLANET GROUP REALTY INC.


## 14373 66 Ave Surrey BC



Two storey house,5bed 3 full bath, 2bed basement suite, 7200 sf lot,
Asking:$1429K

## 12848 65 Ave Surrey



Renovated house 3bed 3bath, 6400 sf lot,
Asking: 1199K,

## 12846 68 Ave Surrey



Price $1,349,000

Excellent Opportunity to buy a 4-level Split House in West Newton, 7 Bed 4 Bath. 4 bed and 3 full bath upstairs for the main house. The property contains 2 unauthorized accommodations (2+1). The whole house rented for $6500. Walking Distance to School, Public Transit, Shopping, Market and All other Amenities.

## 101 8655 King George Blvd. Surrey




Price $829,000

CREEKSIDE VILLAGE. 2 level clean bright CORNER UNIT with 3 beds & 2.5 baths. Tiled entry, sliders to patio. priv. yard. BEAR CREEK PARK nearby,

## 19536 118B Ave



Two Storey house 5bed 4 full bath, 7500 lot,
Asking: 1429K

## Townhouse for sale



2bed 2bath, 1246 sf,
Asking: $690K

## Apartment for Sale



002-10760 135A Ave Brand new, 2bed 2bath, 800 sf,
Asking: $649K

## 77 15151 Edmund Drive, Surrey



3 Bed+Den, 3 Bath A centrally located unit within walking distance to all banks, restaurants, dollarama, shoppers drug mart. A list of recreation facilities & amenities, including YMCA, Fresh Street Market & Panorama Village Centre, all within walking distance.
Asking $949K

## 314-7445 120 Street




## 103 13725 72A AVENUE




## 13930 77 Ave Surrey BC




## 124 13725 72A AVENUE




## 314-7445 120 Street






# ਵਿਧਾਨ ਸਭਾ ਵੱਲੋਂ 'ਜੀ ਰਾਮ ਜੀ' ਖ਼ਿਲਾਫ਼ ਮਤਾ ਪਾਸ

ਪੰਜਾਬ ਵਿਧਾਨ ਸਭਾ ਨੇ ਅੱਜ ਵਿਸ਼ੇਸ਼ ਸੈਸ਼ਨ ਦੌਰਾਨ ਕੇਂਦਰ ਸਰਕਾਰ ਦੇ 'ਵਿਕਸਿਤ ਭਾਰਤ-ਜੀ ਰਾਮ ਜੀ' ਕਾਨੂੰਨ ਖ਼ਿਲਾਫ਼ ਸਰਬਸੰਮਤੀ ਨਾਲ ਮਤਾ ਪਾਸ ਕਰ ਦਿੱਤਾ ਹੈ। ਮਗਨਰੇਗਾ ਦਾ ਸਰੂਪ ਬਦਲਣ ਖ਼ਿਲਾਫ਼ ਮਤਾ ਪਾਸ ਕਰਨ ਵਾਲਾ ਪੰਜਾਬ ਪਹਿਲਾ ਸੂਬਾ ਬਣ ਗਿਆ ਹੈ। ਮਤਾ ਪਾਸ ਹੋਣ ਮੌਕੇ ਭਾਜਪਾ ਵਿਧਾਇਕ ਗ਼ੈਰ-ਹਾਜ਼ਰ ਸਨ; ਮੁੱਖ ਵਿਰੋਧੀ ਧਿਰ ਕਾਂਗਰਸ ਸਮੇਤ ਬਾਕੀ ਸਭ ਸਿਆਸੀ ਧਿਰਾਂ ਨੇ ਮਤੇ ਦੀ ਹਮਾਇਤ ਕੀਤੀ। ਸ਼੍ਰੋਮਣੀ ਅਕਾਲੀ ਦਲ ਦੀ ਵਿਧਾਇਕਾ ਗਨੀਵ ਕੌਰ ਮਜੀਠੀਆ ਵੀ ਗ਼ੈਰ-ਹਾਜ਼ਰ ਰਹੀ।

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਪੇਸ਼ ਮਤੇ ਨੂੰ ਸਦਨ ਨੇ ਬਹਿਸ ਮਗਰੋਂ ਪਾਸ ਕਰ ਦਿੱਤਾ। ਸਰਕਾਰੀ ਮਤੇ 'ਚ ਸਦਨ ਨੇ ਸਿਫ਼ਾਰਸ਼ ਕੀਤੀ ਕਿ ਸੂਬਾ ਸਰਕਾਰ ਕੇਂਦਰ ਤੋਂ ਨਵਾਂ ਐਕਟ ਵਾਪਸ ਲੈਣ ਦੀ ਮੰਗ ਕਰੇ, ਸਕੀਮ ਨੂੰ ਅਧਿਕਾਰ ਆਧਾਰਿਤ ਰੂਪ 'ਚ ਬਹਾਲ ਕੀਤਾ ਜਾਵੇ, ਗ਼ਰੀਬ ਪਰਿਵਾਰਾਂ ਲਈ ਗਾਰੰਟੀਸ਼ੁਦਾ ਕੰਮ ਅਤੇ ਉਜਰਤ ਯਕੀਨੀ ਬਣਾਈ ਜਾਵੇ। ਇਹ ਵੀ ਕਿਹਾ ਗਿਆ ਕਿ ਨਵੇਂ ਐਕਟ ਨਾਲ ਜਿੱਥੇ ਸੂਬਿਆਂ 'ਤੇ ਵਿੱਤੀ ਬੋਝ ਵਧੇਗਾ, ਉੱਥੇ ਮਗਨਰੇਗਾ ਦੀ ਖ਼ੁਦਮੁਖਤਾਰੀ ਨੂੰ ਵੀ ਢਾਹ ਲੱਗੇਗੀ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਰਕਾਰੀ ਮਤਾ ਅਤੇ ਤਿੰਨ ਅਹਿਮ ਬਿੱਲ ਪਾਸ ਹੋਣ ਮਗਰੋਂ ਸਦਨ ਅਣਮਿੱਥੇ ਸਮੇਂ ਲਈ ਉਠਾ ਦਿੱਤਾ। ਹਾਕਮ ਧਿਰ ਨੇ ਮਗਨਰੇਗਾ ਸਕੀਮ 'ਚ ਤਬਦੀਲੀ ਖ਼ਿਲਾਫ਼ ਸ਼੍ਰੋਮਣੀ ਅਕਾਲੀ ਦਲ ਦੀ ਚੁੱਪ 'ਤੇ ਵੀ ਸਵਾਲ ਚੁੱਕੇ।

ਸਦਨ 'ਚ ਜਦੋਂ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਨਵੇਂ ਕੇਂਦਰੀ ਐਕਟ 'ਚ ਦਲਿਤ ਵਰਗ ਨੂੰ ਮਾਰ ਪੈਣ ਦੀ ਗੱਲ ਕਹੀ ਤਾਂ ਕਾਂਗਰਸੀ ਵਿਧਾਇਕਾ ਅਰੁਣਾ ਚੌਧਰੀ ਨੇ ਸਪੱਸ਼ਟ ਕੀਤਾ ਕਿ ਮਗਨਰੇਗਾ ਸਕੀਮ ਇਕੱਲੇ ਦਲਿਤਾਂ ਲਈ ਨਹੀਂ ਬਲਕਿ ਹਰ ਵਰਗ ਨੂੰ ਰੁਜ਼ਗਾਰ ਦਾ ਮੌਕਾ ਦਿੰਦੀ ਹੈ। ਕੇਂਦਰ ਹੁਣ ਤੱਕ 23 ਸਕੀਮਾਂ ਦੇ ਨਾਮ ਬਦਲ ਚੁੱਕਾ ਹੈ। ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਕੇਂਦਰ ਸਰਕਾਰ ਮਗਨਰੇਗਾ ਸਕੀਮ ਨੂੰ ਖ਼ਤਮ ਕਰ ਕੇ ਗ਼ਰੀਬਾਂ ਦੀ ਰੋਜ਼ੀ ਰੋਟੀ ਖੋਹਣ ਦੇ ਰਾਹ ਪਈ ਹੈ। ਉਨ੍ਹਾਂ ਮਨਗਰੇਗਾ ਵਰਕਰ ਚਰਨਜੀਤ ਕੌਰ ਦੀ ਭਾਵੁਕ ਚਿੱਠੀ ਵੀ ਪੜ੍ਹੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀ ਇਹ ਪਹੁੰਚ ਸਹਿਕਾਰੀ ਸੰਘੀ ਢਾਂਚੇ ਨੂੰ ਤਬਾਹ ਕਰ ਰਹੀ ਹੈ ਅਤੇ ਸੂਬਿਆਂ ਤੋਂ ਹੱਕ ਖੋਹ ਰਹੀ ਹੈ। ਸ੍ਰੀ ਚੀਮਾ ਨੇ ਪੰਜਾਬ ਸਰਕਾਰ ਵੱਲੋਂ ਦਲਿਤ ਭਲਾਈ ਲਈ ਚੁੱਕੇ ਕਦਮਾਂ ਦਾ ਵੇਰਵਾ ਵੀ ਸਦਨ 'ਚ ਸਾਂਝਾ ਕੀਤਾ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪਹਿਲਾਂ ਮਗਨਰੇਗਾ ਮੰਗ-ਆਧਾਰਿਤ ਸੀ ਅਤੇ ਮਜ਼ਦੂਰਾਂ ਦੀ ਲੋੜ ਅਨੁਸਾਰ ਉਨ੍ਹਾਂ ਨੂੰ ਕੰਮ ਦੀ ਗਾਰੰਟੀ ਦਿੱਤੀ ਜਾਂਦੀ ਸੀ, ਹੁਣ ਇਸ ਨੂੰ ਸਪਲਾਈ-ਅਧਾਰਿਤ ਬਣਾ ਦਿੱਤਾ ਗਿਆ ਹੈ। ਅਕਾਲੀ-ਭਾਜਪਾ ਅਤੇ ਕਾਂਗਰਸ ਦੇ ਕਾਰਜਕਾਲ ਦੌਰਾਨ ਮਗਨਰੇਗਾ ਸਕੀਮ 'ਚ ਕਾਫ਼ੀ ਘਪਲੇ ਹੋਏ ਸਨ। ਸ੍ਰੀ ਅਰੋੜਾ ਨੇ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਖ਼ਾਸ ਕਰਕੇ ਗਿੱਦੜਬਾਹਾ, ਮੁਕਤਸਰ ਅਤੇ ਅਬੋਹਰ ਹਲਕੇ 'ਚ ਹੋਏ ਘਪਲਿਆਂ ਦੀ ਜਾਂਚ ਕਰਾਈ ਜਾਵੇ। ਉਨ੍ਹਾਂ ਦੱਸਿਆ ਕਿ 2005 ਤੋਂ ਪੰਜਾਬ ਨੂੰ ਮਗਨਰੇਗਾ ਤਹਿਤ 11,700 ਕਰੋੜ ਰੁਪਏ ਪ੍ਰਾਪਤ ਹੋਏ ਹਨ। ਅਕਾਲੀ-ਭਾਜਪਾ ਗੱਠਜੋੜ ਦੇ 10 ਸਾਲਾਂ ਦੌਰਾਨ ਪੰਜਾਬ ਵਿੱਚ ਸਿਰਫ਼ 1988 ਕਰੋੜ ਰੁਪਏ ਖ਼ਰਚੇ ਗਏ ਅਤੇ ਕਾਂਗਰਸ ਦੇ 5 ਸਾਲਾਂ ਵਿੱਚ ਮਗਨਰੇਗਾ ਤਹਿਤ 4708 ਕਰੋੜ ਰੁਪਏ ਵਰਤੇ ਗਏ। 'ਆਪ' ਸਰਕਾਰ ਦੇ ਸਾਢੇ ਤਿੰਨ ਸਾਲਾਂ 'ਚ 5,131 ਕਰੋੜ ਰੁਪਏ ਇਸ ਸਕੀਮ ਤਹਿਤ ਖ਼ਰਚੇ ਗਏ। ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਮਗਨਰੇਗਾ ਸਕੀਮ 'ਚ 17 ਸਾਲ ਤੋਂ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਪੱਕਾ ਕੀਤਾ ਜਾਵੇ।

**ਮਾਰਸ਼ਲਾਂ ਨੇ ਖਹਿਰਾ ਨੂੰ ਸਦਨ 'ਚੋਂ ਕੱਢਿਆ**

ਮੁੱਖ ਮੰਤਰੀ ਭਗਵੰਤ ਮਾਨ ਦੇ ਭਾਸ਼ਣ 'ਚ ਵਿਘਨ ਪਾਉਣ 'ਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਹੁਕਮਾਂ 'ਤੇ ਮਾਰਸ਼ਲਾਂ ਨੇ ਹਲਕਾ ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਸਦਨ 'ਚੋਂ ਬਾਹਰ ਕੱਢ ਦਿੱਤਾ। ਮਾਨ ਦੇ ਭਾਸ਼ਣ ਤੋਂ ਪਹਿਲਾਂ ਖਹਿਰਾ ਨੇ ਬੋਲਣ ਦਾ ਸਮਾਂ ਨਾ ਮਿਲਣ 'ਤੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਸਪੀਕਰ ਦੇ ਅੱਗੇ ਵੈੱਲ ਵਿੱਚ ਆ ਗਏ। ਸਪੀਕਰ ਨੇ ਸਪੱਸ਼ਟ ਕੀਤਾ ਕਿ ਕਾਂਗਰਸ ਨੂੰ ਬਣਦੇ ਸਮੇਂ ਤੋਂ ਵੱਧ ਸਮਾਂ ਦਿੱਤਾ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕਾਂਗਰਸ ਖ਼ੁਦ ਹੀ ਖਹਿਰਾ ਦਾ ਨਾਮ ਕੱਟ ਦਿੰਦੀ ਹੈ। ਜਦੋਂ ਸਪੀਕਰ ਨੇ ਖਹਿਰਾ ਨੂੰ 'ਨੇਮ' ਕੀਤਾ ਤਾਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਸਮੇਤ ਹੋਰ ਕਾਂਗਰਸੀ ਵਿਧਾਇਕ ਵੀ ਹਮਾਇਤ ਵਿੱਚ ਆ ਗਏ। ਬਰਨਾਲਾ ਤੋਂ ਕਾਂਗਰਸੀ ਵਿਧਾਇਕ ਕੁਲਦੀਪ ਸਿੰਘ ਉਰਫ਼ ਕਾਲਾ ਢਿੱਲੋਂ ਦੇ ਢਾਲ ਬਣਨ ਕਾਰਨ ਮਾਰਸ਼ਲਾਂ ਨੂੰ ਕਾਫ਼ੀ ਜੱਦੋ-ਜਹਿਦ ਕਰਨੀ ਪਈ ਅਤੇ ਇਸ ਦੌਰਾਨ ਖਿੱਚ-ਧੂਹ ਵੀ ਹੋਈ।

**ਜੀ ਰਾਮ ਜੀ ਖ਼ਿਲਾਫ਼ ਮਤਾ ਗ਼ੈਰ-ਸੰਵਿਧਾਨਕ: ਚੌਹਾਨ**

ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਪੰਜਾਬ ਵਿਧਾਨ ਸਭਾ ਵਿੱਚ ਵੀ ਬੀ-ਜੀ ਰਾਮ ਜੀ ਐਕਟ ਖਿਲਾਫ਼ ਮਤਾ ਲਿਆਉਣ ਨੂੰ ਗ਼ੈਰ-ਜਮਹੂਰੀ ਅਤੇ ਸੰਵਿਧਾਨ ਦੀ ਮੂਲ ਭਾਵਨਾ ਦੇ ਖਿਲਾਫ਼ ਕਰਾਰ ਦੱਤਾ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸੰਸਦ ਵੱਲੋਂ ਪਾਸ ਕਾਨੂੰਨ ਨੂੰ ਮੰਨਣਾ ਸੂਬਿਆਂ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ। ਸ੍ਰੀ ਚੌਹਾਨ ਨੇ ਪੰਜਾਬ ਵਿਧਾਨ ਸਭਾ ਵਿੱਚ ਇਸ ਕਾਨੂੰਨ ਦੇ ਵਿਰੋਧ ਵਿੱਚ ਲਿਆਂਦੇ ਮਤੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ 'ਸਿਰਫ ਅੰਨ੍ਹੇ ਵਿਰੋਧ' ਦੀ ਸਿਆਸਤ ਹੈ ਅਤੇ ਕੁਝ ਲੋਕ ਮਹਿਜ਼ ਵਿਰੋਧ ਲਈ ਇਸ ਦਾ ਵਿਰੋਧ ਕਰ ਰਹੇ ਹਨ, ਜਿਸ ਦਾ ਜਮਹੂਰੀਅਤ ਅਤੇ ਸੰਵਿਧਾਨਕ ਕਦਰਾਂ ਕੀਮਤਾਂ ਨਾਲ ਕੋਈ ਸਬੰਧ ਨਹੀਂ ਹੈ। ਉਨ੍ਹਾਂ ਇਕ ਰਿਪੋਰਟ ਦਾ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਮਗਨਰੇਗਾ ਸਮੇਤ ਕਈ ਯੋਜਨਾਵਾ ਵਿੱਚ ਵੱਡੇ ਪੱਧਰ 'ਤੇ ਭ੍ਰਿਸ਼ਟਾਚਾਰ ਦੇ ਮਾਮਲੇ ਸਾਹਮਣੇ ਆਏ ਪਰ ਨਾ ਤਾਂ ਦੋਸ਼ੀਆਂ ਖ਼ਿਲਾਫ ਕੋਈ ਕਾਰਵਾਈ ਕੀਤੀ ਗਈ ਅਤੇ ਨਾ ਹੀ ਘੁਟਾਲੇ ਦੀ ਰਾਸ਼ੀ ਵਸੂਲੀ ਗਈ।

**ਗ਼ਰੀਬਾਂ ਦੇ ਹੱਕਾਂ 'ਤੇ ਡਾਕਾ ਨਹੀਂ ਵੱਜਣ ਦਿਆਂਗੇ: ਮੁੱਖ ਮੰਤਰੀ**

ਪੰਜਾਬ ਵਿਧਾਨ ਸਭਾ 'ਚ ਅੱਜ ਸਰਕਾਰੀ ਮਤੇ 'ਤੇ ਬਹਿਸ ਨੂੰ ਸਮੇਟਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਕਿਸਾਨਾਂ ਨੂੰ ਫ਼ਸਲਾਂ ਦੇ ਸਰਕਾਰੀ ਭਾਅ ਤੇ ਕਾਨੂੰਨੀ ਗਾਰੰਟੀ ਤਾਂ ਕੀ ਦੇਣੀ ਸੀ, ਹੁਣ ਮਜ਼ਦੂਰਾਂ ਤੋਂ ਰੁਜ਼ਗਾਰ ਦੀ ਗਾਰੰਟੀ ਖੋਹ ਲਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਗ਼ਰੀਬਾਂ ਦੇ ਹੱਕਾਂ 'ਤੇ ਡਾਕਾ ਨਹੀਂ ਵੱਜਣ ਦੇਵੇਗੀ ਅਤੇ ਹਰ ਪੱਧਰ 'ਤੇ ਲੜਾਈ ਲੜੇਗੀ। ਉਨ੍ਹਾਂ ਸਿਆਸੀ ਧਿਰਾਂ ਨੂੰ ਕਿਹਾ ਕਿ ਇਹ ਸਮਾਂ ਸਿਰ ਜੋੜ ਕੇ ਬੈਠਣ ਦਾ ਹੈ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਚਹੇਤੇ ਉਦਯੋਗਪਤੀਆਂ ਨੂੰ ਲਾਭ ਪਹੁੰਚਾਉਣ ਵਾਲੀ ਨੀਤੀ ਦਾ ਹਿੱਸਾ ਹੈ। ਭਾਜਪਾ 'ਪੰਜਾਬ ਵਿਰੋਧੀ ਮਾਨਸਿਕਤਾ' ਤੋਂ ਪੀੜਤ ਹੈ। ਉਨ੍ਹਾਂ ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਅਤੇ ਬੀ ਬੀ ਐੱਮ ਬੀ ਵਰਗੇ ਮੁੱਦਿਆਂ ਦਾ ਹਵਾਲਾ ਦਿੰਦਿਆਂ ਕਿਹਾ ਕਿ ਮੋਦੀ ਸਰਕਾਰ ਪੰਜਾਬ ਨੂੰ ਨੁਕਸਾਨ ਪਹੁੰਚਾਉਣ 'ਤੇ ਤੁਲੀ ਹੋਈ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਕਾਨੂੰਨ ਨੂੰ ਵਾਪਸ ਲਿਆ ਜਾਵੇ। ਸ਼੍ਰੋਮਣੀ ਅਕਾਲੀ ਦਲ ਦੀ ਚੁੱਪ ਵੀ ਇਸ ਗੱਲ ਦੀ ਗਵਾਹ ਹੈ ਕਿ ਭਾਜਪਾ ਦੇ ਇਸ ਘਿਨਾਉਣੇ ਪਾਪ 'ਚ ਅਕਾਲੀ ਦਲ ਵੀ ਸ਼ਾਮਲ ਹੈ। ਉਨ੍ਹਾਂ ਕਾਂਗਰਸੀ ਆਗੂਆਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਜਦੋਂ ਕੁਝ ਆਗੂ ਲੋਕ ਭਲਾਈ ਦੀਆਂ ਗੱਲਾਂ ਕਰਦੇ ਹਨ, ਉੱਥੇ ਕਾਂਗਰਸ ਲੀਡਰਸ਼ਿਪ ਸਿਰਫ਼ ਆਪਣੇ ਹਿੱਤਾਂ ਵਿੱਚ ਰੁੱਝੀ ਹੋਈ ਹੈ। ਮੁੱਖ ਮੰਤਰੀ ਨੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਸੱਤਾ ਦਾ ਭੁੱਖੇ ਨੇਤਾ ਕਰਾਰ ਦਿੰਦਿਆਂ ਕਿਹਾ ਕਿ ਉਹ ਮੀਡੀਆ ਵਿੱਚ ਸੁਰਖੀਆਂ ਬਟੋਰਨ ਲਈ ਸਦਨ ਦੀ ਮਰਿਆਦਾ ਵੀ ਨਹੀਂ ਮੰਨਦੇ।


REAL PLUMBING

EMERGENCY SERVICE
7 DAYS A WEEK



FAST SERVICE

HOT WATER TANKS
SOLD - SERVICED
AND REMOVED

ਕਿਸੇ ਵੀ ਤਰ੍ਹਾਂ ਦੀ ਪਲੰਬਿੰਗ ਦੀ ਪ੍ਰੋਬਲਮ
ਹੈ ਤਾਂ ਫੋਨ ਕਰੋ

ਸਤਵਿੰਦਰ ਰੀਹਲ

Satwinder Reehal

604-327-5096

RIGHTWAY
PAINTING

ਵਧੀਆ ਕੰਮ-ਵਾਜਿਬ ਕੀਮਤ

- Stucco Painting
- Driveway Sealing
- Power Washing
- Repaint Job

ਹਰ ਤਰ੍ਹਾਂ ਦੀ ਪੇਂਟ ਜੋਬ ਲਈ
ਜਸਬੀਰ ਭੰਡਾਲ ਨੂੰ ਫੋਨ ਕਰੋ।

JASVIR BHANDAL

604-834-4335 <> 604-581-5759


Pure for Sure
Prabu
www.prabufoods.com
7035 128 St #106, Surrey, BC V3W 4E1

# ਹੱਡ ਚੀਰਵੀਂ ਠੰਡ ਚ ਅਦਾਕਾਰਾ ਨੇ ਪਾਰ ਕੀਤੀਆਂ ਹੱਦਾਂ



ਬਾਲੀਵੁੱਡ ਅਦਾਕਾਰਾ ਅਹਾਨਾ ਕੁਮਰਾ ਨੇ ਨਵੇਂ ਸਾਲ 2026 ਦਾ ਆਗਾਜ਼ ਅਜਿਹੇ ਧਮਾਕੇਦਾਰ ਅੰਦਾਜ਼ ਵਿੱਚ ਕੀਤਾ ਹੈ ਕਿ ਦੇਖਣ ਵਾਲਿਆਂ ਦੇ ਪਸੀਨੇ ਛੁੱਟ ਗਏ ਹਨ। ਜਿੱਥੇ ਪੂਰੀ ਦੁਨੀਆ ਠੰਡ ਤੋਂ ਬਚਣ ਲਈ ਗਰਮ ਕੱਪੜਿਆਂ ਦਾ ਸਹਾਰਾ ਲੈ ਰਹੀ ਹੈ, ਉੱਥੇ ਹੀ 40 ਸਾਲਾ ਅਹਾਨਾ ਨੇ ਵਿਦੇਸ਼ ਵਿੱਚ ਬਰਫ਼ਬਾਰੀ ਦਰਮਿਆਨ ਆਪਣੀ ਬੋਲਡਨੈੱਸ ਨਾਲ ਸੋਸ਼ਲ ਮੀਡੀਆ ਦਾ ਪਾਰਾ ਚੜ੍ਹਾ ਦਿੱਤਾ ਹੈ।

ਅਹਾਨਾ ਕੁਮਰਾ ਇਸ ਸਮੇਂ ਜਾਰਜੀਆ ਵਿੱਚ ਨਵੇਂ ਸਾਲ ਦੀਆਂ ਛੁੱਟੀਆਂ ਮਨਾ ਰਹੀ ਹੈ। ਉੱਥੇ ਪੈ ਰਹੀ ਕੜਕਾਤੀ ਠੰਡ ਅਤੇ ਭਾਰੀ ਬਰਫ਼ਬਾਰੀ ਦੇ ਬਾਵਜੂਦ ਅਦਾਕਾਰਾ ਨੇ ਬਿਕਨੀ ਪਹਿਨ ਕੇ ਪੂਲ ਕਿਨਾਰੇ ਆਪਣੀ ਟੋਨਡ ਫਿਗਰ ਨੂੰ ਫਲਾਂਟ ਕੀਤਾ ਹੈ। ਪੂਲ ਵਿੱਚ ਮਸਤੀ ਕਰਦੇ ਹੋਏ ਉਸ ਦੀਆਂ ਕਾਤਿਲਾਨਾ ਅਦਾਵਾਂ ਨੇ ਪ੍ਰਸ਼ੰਸਕਾਂ ਦੇ ਹੋਸ਼ ਉਡਾ ਦਿੱਤੇ ਹਨ। ਅਹਾਨਾ ਨੇ ਤਸਵੀਰਾਂ ਸਾਂਝੀਆਂ ਕਰਦਿਆਂ ਲਿਖਿਆ, "ਬਰਫ਼ਬਾਰੀ ਹੋ ਰਹੀ ਹੈ, ਭਾਫ਼ ਉੱਠ ਰਹੀ ਹੈ... ਮੈਂ ਹਰ ਦਿਨ ਪੂਲ ਬੇਬੀ ਹਾਂ"।

ਅਹਾਨਾ ਦੀਆਂ ਇਨ੍ਹਾਂ ਤਸਵੀਰਾਂ ਨੂੰ ਦੇਖ ਕੇ ਪ੍ਰਸ਼ੰਸਕਾਂ ਨੂੰ ਤਾਂ ਠੰਡ ਲੱਗ ਹੀ ਰਹੀ ਹੈ, ਸਗੋਂ ਸਿਤਾਰੇ ਵੀ ਹੈਰਾਨ ਹਨ। ਅਦਾਕਾਰ ਮਿਆਂਗ ਚਾਂਗ ਨੇ ਮਜ਼ਾਕੀਆ ਲਹਿਜੇ ਵਿੱਚ ਲਿਖਿਆ, "ਇਹ ਫੋਟੋਆਂ ਦੇਖ ਕੇ ਮੈਨੂੰ ਜ਼ੁਕਾਮ ਹੋ ਗਿਆ ਹੈ"। ਇੱਕ ਹੋਰ ਯੂਜ਼ਰ ਨੇ ਪੁੱਛਿਆ ਕਿ ਇੰਨੀ ਠੰਢ ਵਿੱਚ ਉਸ ਨੂੰ ਠੰਢ ਕਿਉਂ ਨਹੀਂ ਲੱਗ ਰਹੀ।

ਇਨ੍ਹਾਂ ਤਸਵੀਰਾਂ ਤੋਂ ਇਲਾਵਾ ਅਹਾਨਾ ਦੇ ਨਿੱਜੀ ਜੀਵਨ ਨੂੰ ਲੈ ਕੇ ਵੀ ਚਰਚਾ ਤੇਜ਼ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਵੈਕੇਸ਼ਨ 'ਤੇ ਉਸ ਦੇ ਨਾਲ ਫਿਲਮ 'ਧੁਰੰਧਰ' ਦੇ ਅਦਾਕਾਰ ਦਾਨਿਸ਼ ਪੰਡੋਰ ਵੀ ਮੌਜੂਦ ਹਨ। ਦੋਵੇਂ ਲਗਾਤਾਰ ਇਕੱਠੇ ਫੋਟੋਆਂ ਅਤੇ ਵੀਡੀਓਜ਼ ਪੋਸਟ ਕਰ ਰਹੇ ਹਨ, ਜਿਸ ਕਾਰਨ ਪ੍ਰਸ਼ੰਸਕਾਂ ਵਿੱਚ ਉਨ੍ਹਾਂ ਦੇ ਡੇਟਿੰਗ ਕਰਨ ਦੀਆਂ ਅਫਵਾਹਾਂ ਗਰਮ ਹਨ, ਹਾਲਾਂਕਿ ਦੋਵਾਂ ਨੇ ਅਜੇ ਤੱਕ ਇਸ ਰਿਸ਼ਤੇ ਦੀ ਪੁਸ਼ਟੀ ਨਹੀਂ ਕੀਤੀ ਹੈ।

ਅਹਾਨਾ ਨੇ ਸਾਲ 2025 ਵਿੱਚ ਮਿਲੇ ਪਿਆਰ, ਦੋਸਤੀ ਅਤੇ ਜਿੱਤਾਂ ਲਈ ਸ਼ੁਕਰਗੁਜ਼ਾਰੀ ਜਤਾਈ ਹੈ।

# ਰਿਤਿਕ ਰੋਸ਼ਨ ਨੇ ਗਰਲਫ੍ਰੈਂਡ ਸਬਾ ਨਾਲ ਕੀਤਾ ਨਵੇਂ ਸਾਲ ਦਾ ਸਵਾਗਤ



ਬਾਲੀਵੁੱਡ ਦੇ 'ਗ੍ਰੀਕ ਗੌਡ' ਰਿਤਿਕ ਰੋਸ਼ਨ ਨੇ ਸਾਲ 2026 ਦਾ ਆਗਾਜ਼ ਆਪਣੀ ਗਰਲਫ੍ਰੈਂਡ ਸਬਾ ਆਜ਼ਾਦ ਨਾਲ ਬੇਹੱਦ ਰੋਮਾਂਟਿਕ ਅੰਦਾਜ਼ ਵਿੱਚ ਕੀਤਾ ਹੈ। ਰਿਤਿਕ ਨੇ ਸੋਸ਼ਲ ਮੀਡੀਆ 'ਤੇ ਪ੍ਰਸ਼ੰਸਕਾਂ ਨਾਲ ਕੁਝ ਖਾਸ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਜੋ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ।

ਸਰੋਤਾਂ ਅਨੁਸਾਰ, ਰਿਤਿਕ ਨੇ ਆਪਣੀ ਗਰਲਫ੍ਰੈਂਡ ਸਬਾ ਨਾਲ ਕੁਝ 'ਸ਼ੈਡੋ ਫੋਟੋਜ਼' (ਪਰਛਾਵੇਂ ਵਾਲੀਆਂ ਤਸਵੀਰਾਂ) ਸਾਂਝੀਆਂ ਕੀਤੀਆਂ ਹਨ, ਜਿਨ੍ਹਾਂ ਵਿੱਚ ਦੋਵਾਂ ਦੇ ਪਰਛਾਵੇਂ ਨੱਚਦੇ ਹੋਏ ਨਜ਼ਰ ਆ ਰਹੇ ਹਨ।

ਇਹ ਤਸਵੀਰਾਂ ਉਨ੍ਹਾਂ ਦੇ ਆਪਸੀ ਪਿਆਰ ਅਤੇ ਮਜ਼ਬੂਤ ਬੌਂਡਿੰਗ ਨੂੰ ਦਰਸਾਉਂਦੀਆਂ ਹਨ। ਰਿਤਿਕ ਨੇ ਸਾਲ 2025 ਨੂੰ ਅਲਵਿਦਾ ਕਹਿੰਦਿਆਂ ਲਿਖਿਆ, "ਲੱਗਦਾ ਹੈ 2025 ਬਹੁਤ ਵਧੀਆ ਨੋਟ 'ਤੇ ਖਤਮ ਹੋ ਰਿਹਾ ਹੈ। ਮੈਂ ਇਹ ਨਵਾਂ ਸਾਲ ਖਾਸਕਰ ਆਪਣੇ ਪ੍ਰਸ਼ੰਸਕਾਂ ਨੂੰ ਸਮਰਪਿਤ ਕਰਦਾ ਹਾਂ"।

ਇਨ੍ਹਾਂ ਤਸਵੀਰਾਂ ਦੇ ਨਾਲ ਰਿਤਿਕ ਨੇ ਇੱਕ ਬਹੁਤ ਹੀ ਮਜ਼ਾਕੀਆ ਗੱਲ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਉਹ ਆਪਣੇ ਹੱਥਾਂ ਨਾਲ 'ਦਿਲ' ਦੀ ਸਹੀ ਸ਼ਕਲ ਨਹੀਂ ਬਣਾ ਪਾਏ ਕਿਉਂਕਿ ਉਨ੍ਹਾਂ ਦੇ ਹੱਥ ਵਿੱਚ ਇੱਕ ਵਾਧੂ ਅੰਗੂਠਾ ਹੈ। ਉਨ੍ਹਾਂ ਦੇ ਇਸ ਮਜ਼ਾਕੀਆ ਅੰਦਾਜ਼ 'ਤੇ ਪ੍ਰਸ਼ੰਸਕਾਂ ਨੇ ਖੂਬ ਪਿਆਰ ਲੁਟਾਇਆ ਅਤੇ ਕਮੈਂਟ ਸੈਕਸ਼ਨ ਵਿੱਚ ਦਿਲ ਵਾਲੇ ਇਮੋਜੀਜ਼ ਦੀ ਭਰਮਾਰ ਕਰ ਦਿੱਤੀ।

ਪਿਆਰ ਦੀ ਸ਼ੁਰੂਆਤ: ਰਿਤਿਕ ਅਤੇ ਸਬਾ ਸਾਲ 2022 ਤੋਂ ਇੱਕ-ਦੂਜੇ ਨੂੰ ਡੇਟ ਕਰ ਰਹੇ ਹਨ। ਉਨ੍ਹਾਂ ਨੂੰ ਪਹਿਲੀ ਵਾਰ ਫਰਵਰੀ 2022 ਵਿੱਚ ਇੱਕ ਡਿਨਰ ਡੇਟ ਦੌਰਾਨ ਇਕੱਠੇ ਦੇਖਿਆ ਗਿਆ ਸੀ।

ਆਉਣ ਵਾਲੀਆਂ ਫਿਲਮਾਂ: ਰਿਤਿਕ ਹਾਲ ਹੀ ਵਿੱਚ ਫਿਲਮ 'ਵਾਰ 2' ਵਿੱਚ ਨਜ਼ਰ ਆਏ ਸਨ। ਹੁਣ ਉਹ 'ਕ੍ਰਿਸ਼ 4' ਰਾਹੀਂ ਨਿਰਦੇਸ਼ਨ ਦੀ ਦੁਨੀਆ ਵਿੱਚ ਵੀ ਕਦਮ ਰੱਖਣ ਦੀ ਤਿਆਰੀ ਕਰ ਰਹੇ ਹਨ।

## ਇਸ਼ਕ ਮੁਸ਼ਕ

# ਢਿੱਲੋਂ ਨਾਲ ਕਿੱਸ ਵੀਡੀਓ ਤੇ ਤਾਰਾ ਸੁਤਾਰੀਆ ਨੇ ਤੋੜੀ ਚੁੱਪੀ



ਮਸ਼ਹੂਰ ਪੰਜਾਬੀ ਗਾਇਕ ਏਪੀ ਢਿੱਲੋਂ ਦੇ ਮੁੰਬਈ ਕੰਸਰਟ ਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ, ਜਿਸ ਨੇ ਫਿਲਮੀ ਗਲਿਆਰਿਆਂ ਵਿੱਚ ਹਲਚਲ ਮਚਾ ਦਿੱਤੀ ਹੈ। ਇਸ ਵੀਡੀਓ ਵਿੱਚ ਅਦਾਕਾਰਾ ਤਾਰਾ ਸੁਤਾਰੀਆ ਸਟੇਜ 'ਤੇ ਏਪੀ ਢਿੱਲੋਂ ਨਾਲ ਉਨ੍ਹਾਂ ਦੇ ਗਾਣੇ 'ਥੋੜੀ ਸੀ ਦਾਰੂ' 'ਤੇ ਪਰਫਾਰਮ ਕਰਦੀ ਨਜ਼ਰ ਆ ਰਹੀ ਹੈ। ਇਸੇ ਦੌਰਾਨ ਗਾਇਕ ਵੱਲੋਂ ਅਦਾਕਾਰਾ ਦੇ ਗੱਲ 'ਤੇ 'ਕਿੱਸ' ਕਰਨ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਪ੍ਰਸ਼ੰਸਕਾਂ ਵਿੱਚ ਕਾਫੀ ਚਰਚਾ ਛਿੜ ਗਈ ਸੀ।

"ਚਾਲਾਕੀ ਭਰੀ ਐਡੀਟਿੰਗ ਤੇ ਝੂਠੇ ਦਾਅਵੇ"

ਇਸ ਵਾਇਰਲ ਵੀਡੀਓ 'ਤੇ ਹੁਣ ਤਾਰਾ ਸੁਤਾਰੀਆ ਨੇ ਆਪਣੀ ਚੁੱਪੀ ਤੋੜੀ ਹੈ। ਅਦਾਕਾਰਾ ਨੇ ਇੰਸਟਾਗ੍ਰਾਮ 'ਤੇ ਕੰਸਰਟ ਦੀ ਅਸਲ ਵੀਡੀਓ ਸਾਂਝੀ ਕਰਦਿਆਂ ਵਾਇਰਲ ਹੋ ਰਹੀ ਵੀਡੀਓ ਨੂੰ 'ਚਾਲਾਕੀ ਭਰੀ ਐਡੀਟਿੰਗ' ਅਤੇ 'ਝੂਠੇ ਦਾਅਵੇ' ਕਰਾਰ ਦਿੱਤਾ ਹੈ। ਤਾਰਾ ਨੇ ਸਪੱਸ਼ਟ ਕੀਤਾ ਕਿ ਅਜਿਹੇ 'ਪੇਡ ਪੀ.ਆਰ. ਕੈਂਪੇਨ' ਉਸ ਨੂੰ ਪ੍ਰਭਾਵਿਤ ਨਹੀਂ ਕਰ ਸਕਦੇ ਅਤੇ ਅੰਤ ਵਿੱਚ ਸੱਚ ਦੀ ਹੀ ਜਿੱਤ ਹੁੰਦੀ ਹੈ। ਉਨ੍ਹਾਂ ਨੇ ਏਪੀ ਢਿੱਲੋਂ ਨੂੰ ਆਪਣਾ 'ਫੇਵਰੇਟ' ਦੱਸਦਿਆਂ ਇਸ ਰਾਤ ਨੂੰ ਸ਼ਾਨਦਾਰ ਦੱਸਿਆ।

ਵੀਰ ਪਹਾੜੀਆ ਨੇ ਦਿੱਤਾ ਕਰਾਰਾ ਜਵਾਬ

ਵੀਡੀਓ ਵਿੱਚ ਤਾਰਾ ਸੁਤਾਰੀਆ ਦੇ ਬੁਆਏਫ੍ਰੈਂਡ ਅਤੇ ਅਦਾਕਾਰ ਵੀਰ ਪਹਾੜੀਆ ਦੀ ਪ੍ਰਤੀਕਿਰਿਆ ਵੀ ਦਿਖਾਈ ਗਈ ਸੀ, ਜਿਸ ਬਾਰੇ ਦਾਅਵਾ ਕੀਤਾ ਜਾ ਰਿਹਾ ਸੀ ਕਿ ਉਹ ਆਪਣੀ ਗਰਲਫ੍ਰੈਂਡ ਦੀ ਪਰਫਾਰਮੈਂਸ ਦੇਖ ਕੇ ਨਾਖੁਸ਼ ਅਤੇ ਅਸਹਿਜ ਹਨ। ਇਸ 'ਤੇ ਵੀਰ ਪਹਾੜੀਆ ਨੇ ਸੱਚਾਈ ਦੱਸਦਿਆਂ ਕਿਹਾ ਕਿ ਉਨ੍ਹਾਂ ਦੇ ਰਿਐਕਸ਼ਨ ਦੀ ਫੁਟੇਜ ਕਿਸੇ ਹੋਰ ਗਾਣੇ ਦੌਰਾਨ ਲਈ ਗਈ ਸੀ, ਨਾ ਕਿ ਤਾਰਾ ਦੀ ਪਰਫਾਰਮੈਂਸ ਵੇਲੇ। ਉਨ੍ਹਾਂ ਨੇ ਅਜਿਹੀ ਐਡੀਟਿੰਗ ਕਰਨ ਵਾਲਿਆਂ ਨੂੰ 'ਜੋਕਰ' ਕਹਿ ਕੇ ਸੰਬੋਧਨ ਕੀਤਾ।

ਰਿਸ਼ਤੇ ਦੀ ਸੱਚਾਈ

ਦੱਸ ਦੇਈਏ ਕਿ ਤਾਰਾ ਸੁਤਾਰੀਆ ਅਤੇ ਵੀਰ ਪਹਾੜੀਆ ਨੇ ਇਸੇ ਸਾਲ ਅਗਸਤ ਵਿੱਚ ਆਪਣੇ ਰਿਸ਼ਤੇ ਨੂੰ ਅਧਿਕਾਰਤ ਕੀਤਾ ਸੀ। ਵੀਰ ਨੇ ਹਾਲ ਹੀ ਵਿੱਚ ਇੱਕ ਇੰਟਰਵਿਊ ਦੌਰਾਨ ਕਿਹਾ ਸੀ ਕਿ ਉਹ ਆਪਣੇ ਪਿਆਰ ਨੂੰ ਖੁੱਲ੍ਹ ਕੇ ਅਪਣਾਉਣ ਅਤੇ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਵਿੱਚ ਕਦੇ ਨਹੀਂ ਹਿਚਕਿਚਾਉਂਦੇ।




No Fuel & Maintenance Charge

Level 1 Chief Flight Instructor

Train On CESSNA 172

**From PPL to CPL, Your Aviation Career Begins Here**

Embark on an exhilarating journey into the world of aviation with Western Community College's comprehensive Aviation Diploma program. Designed to equip aspiring pilots with the skills and knowledge needed to soar to new heights, this diploma offers a structured pathway from Private Pilot License (PPL) to Commercial Pilot License (CPL).

**Eligibility Requirements**

Age 16-29 | Permanent Resident, Canadian Citizen, Refugee Status

WESTERN COMMUNITY COLLEGE

**Flying School**
Hangar F, Unit 120,
1185 Townline Road
Abbotsford, BC V2T 6E1
**abbyinfo@wcc.ca**

**Abbotsford**
Unit 201, 3670 Townline Rd
Abbotsford, BC V2T 5W8
+1-604-776-1301
**abbyinfo@wcc.ca**


SABZI MANDI SUPERMARKET
Serving our Community since 2003
Happy New Year!
HOT PRICE
INDIAN KARELA
ਦੇਸੀ ਕਰੇਲੇ
1.49 /lb
HOT PRICE
GREEN PEPPERS
ਹਰੀਆਂ ਸ਼ਿਮਲਾ ਮਿਰਚਾਂ
99¢ /lb
HOT PRICE
JUMBO CAULIFLOWER
ਗੋਭੀ
2.49 ea
HOT PRICE
FRESH OPO
ਲੌਕੀ
99¢ /lb
ROSHNI BASMATI RICE
ਰੌਸ਼ਨੀ ਬਾਸਮਤੀ ਚਾਵਲ
8lb
7.99 ea
UNBEATABLE DEALS
SHER DESI STYLE ATTA
ਸ਼ੇਰ ਦੇਸੀ ਸਟਾਈਲ ਆਟਾ
20lb
14.99 ea
HOT PRICE
PEELED GARLIC
ਲਸਣ
5lb Jar
8.99 ea
PUNJABI BY NATURE SESAME OIL
ਪੰਜਾਬੀ ਬਾਈ ਨੇਚਰ ਤਿਲਾਂ ਦਾ ਤੇਲ
1L
8.99 ea
HOT PRICE
FRESH TOMATOES
ਟਮਾਟਰ
1.49 /lb
HULLY GULLY PUFFS
ਹੱਲੀ ਗੱਲੀ ਪੱਫਜ਼
Asst., 120g
2 for 4.99
TATA AGNI TEA
ਟਾਟਾ ਅਗਨੀ ਚਾਹ
1kg
9.99 ea
AMBAY CORN FLOUR
ਅੰਬੇ ਮੱਕੀ ਦਾ ਆਟਾ
4lb
4.99 ea
PUNJABI BY NATURE SARSON KA SAAG
ਪੰਜਾਬੀ ਬਾਈ ਨੇਚਰ ਸਰੋਂ ਦਾ ਸਾਗ
850g
3.99 ea
BC POTATOES
ਬੀ. ਸੀ. ਆਲੂ
10lb
2.49 ea
(NEW CROP) ROASTED IN-SHELL PEANUTS
ਭੁੰਨੀ ਹੋਈ ਮੂੰਗਫਲੀ
1.99 /lb
PUNJABI BY NATURE GACHAK
ਪੰਜਾਬੀ ਬਾਈ ਨੇਚਰ ਗੱਚਕ
400g
3.49 ea
HANS GLUTEN FREE ATTA
ਹਾਨਸ ਗਲੂਟਨ ਫਰੀ ਆਟਾ
10lb
19.99 ea
NEW KRUNCH COOKIES
ਨੀਊ ਕਰੰਚ ਕੁਕੀਆਂ
2.2lb, Punjabi Biscuits Only
4.99 ea
GREEN BC CABBAGE
ਪੱਤ ਗੋਭੀ
69¢ /lb
PUNJABI BY NATURE MILK RUSK
ਪੰਜਾਬੀ ਬਾਈ ਨੇਚਰ ਮਿਲਕ ਰੱਸਕ
600g
4.99 ea
ROSHNI GUR / MASALA GUR
ਰੌਸ਼ਨੀ ਮਸਾਲਾ ਗੁੜ ਅਤੇ ਪਲੇਨ ਗੁੜ
1kg
3.99 ea
FRESH ZUCCHINI
ਤੋਰੀ
79¢ /lb
JUMBO CARROTS
ਵੱਡੀਆਂ ਗਾਜਰਾਂ
59¢ /lb
JUMBO POMEGRANATES
ਅਨਾਰ
2.49 ea
PROUDLY CANADIAN • PROUDLY PUNJABI!
Western Union
Western Union Money Transfers and Calling Cards available at all locations. 24 hour rate info line: 604-634-2400
ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ
ਭਾਰਤੀ ਗਰੋਸਰੀ ਲਈ ਹਮੇਸ਼ਾਂ ਸਬਜ਼ੀ ਮੰਡੀ ਨੂੰ ਯਾਦ ਰੱਖੋ
SALES DATES: Fri. January 02, 2026 - Wed. January 07, 2026
MasterCard VISA AMERICAN EXPRESS Interac
American Express accepted at three locations.
Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.
SABZI MANDI SUPERMARKET
STORES OPEN 7 DAYS A WEEK
Visit one of our great locations so we can serve you today!
NEWTON STORE: #106 - 12568 72nd Ave., Surrey 604-590-2400
NEWTON 80th AVENUE: 13208 80th Ave., Surrey 778-565-7880
NEWTON EXCHANGE: 101-13753 72 Ave., Surrey 604-581-2400
NEWTON EAST: 15299 68th Ave., Surrey 604-598-8006
ABBOTSFORD: 31831 S. Fraser Way, Abbotsford 604-864-9193
BURNABY: 7565 6th Street, Burnaby 604-553-6603
RICHMOND: 9371 No 5 Rd, Richmond 604-285-2400
NEWTON 64 AVE: 140- 6350 120 st, Surrey 778-565-1266
LANGLEY: #50 – 20150 Langley Bypass, Langley 604-427-3912
ABBOTSFORD: 2777 Gladwin Road, Abbotsford 604-744-2077
You can also visit us online at www.sabzimandicanada.com
Prices in effect at the above listed store locations only.